ਸਰਪ੍ਰਸਤ ਬ੍ਰਹਮਗਿਆਨੀ ਬਾਬਾ ਸਾਹਿਬ ਸਿੰਘ ਜੀ ਬੇਦੀ, ਊਨਾ ਸਾਹਿਬ

ਮਾਸਕ ਪਤਰ

# ਅਜੂਨੀ

ਜਨਵਰੀ, ਫਰਵਰੀ, ਮਾਰਚ 1979

"ਧੰਨ ਧੰਨ ਬਾਬਾ ਸਾਹਿਬ ਸਿੰਘ ਜੀ ਜੋ ਜਮ ਤੋਂ ਲਏ ਛੁਡਾਇ"

ਗੁਰੂ ਨਾਨਕ ਪਾਤਸ਼ਾਹ ਦੀ ਸੰਤਾਨਕ ਜੋਤ ਜਿਨ੍ਹਾਂ ਨੇ ਪੰਥ ਦੀ ਅਥਾਹ ਸੇਵਾ ਕੀਤੀ
ਜਿਸ ਕਾਰਣ ਸਿੱਖ ਰਾਜ ਕਾਇਮ ਹੋਇਆ ।



ਆਪ ਦੇ ਜਨਮ ਦਿਨ ਦੀ ਆਪ ਦੀਆਂ ਸੰਗਤਾਂ ਨੂੰ ਲੱਖ ਲੱਖ ਵਧਾਈ ਹੋਵੇ ।
ਜਿਸ ਦਿਹਾੜੇ ਤੇ ਸੰਗਤਾਂ ਵਲੋਂ ੨੦੧ ਅਖੰਡ ਪਾਠਾਂ ਦੀ ੨੪ ਮਾਰਚ ਨੂੰ ਹਰ ਸਾਲ ਵਾਂਗ
ਸਮਾਪਤੀ ਕੀਤੀ ਗਈ ।

# ਲੇਖ ਸੂਚੀ


| | | | |
|---|---|---|---|
| 1 | ਗੁਰਵਾਕ | ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ | |
| 2. | ਸੰਪਾਦਕੀ | ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ | |
| 3. | ਗੁਰ—ਦੀਖਿਆ | ਮੁਖ ਲੇਖ | 4 |
| 4. | ਰਾਜਾ ਜੋਗੀ | ਗਿ: ਈਸ਼ਰ ਸਿੰਘ ਜੀ ਨਾਰਾ | 7 |
| 5. | ਸੂਚਕ ਪ੍ਰਸੰਗ ਗੁਰੂ ਕਾ (The Pb. Past & Present Vol III-1969) | ਭਾਈ ਬਹਿਲੋ ਜੀ | 15 |
| 6. | ਸਾਖੀ ਪਹਿਲੇ ਮਹਿਲ ਕੀ ,, | ਸੇਵਾਦਾਸ | 18 |
| 7, | ਸ੍ਰੀ ਬੀਰ ਮ੍ਰਿਗੇਸ਼ ਦੇਵਤਰੂ ਗੁਰਬਿਲਾਸ | (ਪੁਰਾਤਨ ਵਿਰਸਾ) | 21 |
| 8. | GURU NANAK The Pb. Past & Present Vol. III 1969 | Duncan Greenless | 25 |
| 9. | ਸੰਤਾਨਕ ਸਮਾਚਾਰ ਗੁਰਗੱਦੀ (ਧਰਮ ਪ੍ਰਚਾਰ) | | 35 |




ਦਮਦਮਾ ਅਸਥਾਨ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਨਗਰ ਮਨਸੂਰਾਂ ਵਿਖੇ ।

੧ੳ

ਬਾਬਾ ਮਧੁਸੂਦਨ ਸਿੰਘ ਜੀ ਬੇਦੀ
ਗੱਦੀ-ਨਸ਼ੀਨ. ਗੁਰਗੱਦੀ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ ਊਨਾ ਸਾਹਿਬ ਦੀ
ਸਰਪ੍ਰਸਤੀ ਹੇਠ ਛਪਣ ਵਾਲਾ

ਮਾਸਕ ਪੱਤਰ

# ਅਜੂਨੀ

ਮਨਸੂਰਾਂ
(ਲੁਧਿਆਣਾ)

ਸੰਪਾਦਕ : ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ

ਸਾਲ 11] ਜਨਵਰੀ-ਫਰਵਰੀ-ਮਾਰਚ 1979 [ਅੰਕ 1, 2, 3

## ਮਾਝ ਮਹਲਾ ੫ ਘਰ ੪

ਚੇਤ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ ॥
ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ ॥
ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ ॥
ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ ॥
ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ ॥
ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ ॥
ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ ॥
ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ ॥
ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ ॥੨॥

ਸੰਪਾਦਕੀ

# ਧੰਨ ਧੰਨ ਬਾਬਾ ਸਾਹਿਬ ਸਿੰਘ ਜੀ

ਬੁਲੇਸ਼ਾਹ ਦਾ ਫੁਰਮਾਣ ਹੈ।

"ਮੈਂ ਪੀਆ ਤੋਂ ਵੱਖ ਨਹੀਂ। ਬਿਨਾਂ ਪੀਆ ਦੂਜਾ ਕੱਖ ਨਹੀਂ"

ਪਰ ਦੇਖਣ ਵਾਲੀ ਅੱਖ ਨਹੀਂ।

ਅੱਜ ਦੇ ਸਮੇਂ ਵਿਚ ਧੰਨ ਗੁਰੂ ਨਾਨਕ ਦੇਵ ਦਾਤਾਰ ਪਿਤਾ ਅਤੇ ਆਪ ਦੀ ਸੰਤਾਨ ਨੂੰ ਸਤਿਕਾਰ ਵਲੋਂ ਪੰਥ ਖਾਲਸਾ ਕਈ ਵਾਰ ਘਿਰਣਾ ਕਰ ਜਾਂਦਾ ਹੈ। ਇਹ ਤਾਂ ਠੀਕ ਹੈ ਜੋ ਕਰਮੀ ਬਾਰਕ ਨਹੀਂ ਹਨ ਕੇਵਲ ਦੁਨੀਆਂਦਾਰ ਬਣ ਚੁੱਕੇ ਹਨ। ਉਨ੍ਹਾਂ ਦਾ ਸਤਿਕਾਰ ਘਿਰਣਾ ਦਾ ਕਾਰਨ ਬਣਦਾ ਹੈ। ਪਰੰਤੂ ਜਿਨ੍ਹਾਂ ਆਪ ਦੇ ਬੱਚਿਆਂ ਨੇ ਸ਼ੁਭ ਕਰਮ ਕੀਤੇ ਹਨ। ਅਤੇ ਗੁਰੂ ਨਾਨਕ ਪਾਤਸ਼ਾਹ ਦੇ ਰਾਹ ਤੇ ਸੰਗਤਾਂ ਨੂੰ ਚਲਾਇਆ ਹੈ, ਔਰ ਗੁਰੂ ਗੋਬਿੰਦ ਸਿੰਘ ਸੱਚੇ ਪਾਤਸ਼ਾਹ ਦੇ ਦਰਸਾਏ ਹੋਏ ਰਾਹ ਨੂੰ ਦਰਸਾਇਆ ਹੈ ਤੇ ਆਪ ਅੰਮ੍ਰਿਤ ਪਾਨ ਕੀਤਾ ਹੈ ਤੇ ਜਗਤ ਨੂੰ ਛਕਾਇਆ ਹੈ। ਗੁਰੂ ਖਾਲਸੇ ਕਾਇਮ ਕੀਤੇ। ਆਪੋ ਵਿਚ ਝਗੜਦੇ ਲੜਦੇ ਸਰਦਾਰਾਂ ਨੂੰ ਇਕ ਰਾਹ ਦਿਖਾਇਆ ਤੇ ਪੰਜਾਬ ਦੀ ਧਰਤੀ ਤੇ ਗੁਰੂ ਖਾਲਸੇ ਦਾ ਰਾਜ ਕਾਇਮ ਕੀਤਾ। ਜੋ ਗੁਰਸਿੱਖ ਅੰਮ੍ਰਿਤ ਪਾਨ ਕਰਕੇ ਪਤਿਤ ਹੋ ਜਾਵੇ। ਉਨਾਂ ਨੂੰ ਦੰਡ ਦਿਤਾ ਗਿਆ ਅਜੇਹੇ ਬਾਰਕਾਂ ਦੇ ਨਾਲ ਪਿਆਰ ਤੇ ਸਤਿਕਾਰ ਕਰਨਾ ਗੁਰਸਿਖਾਂ ਦਾ ਧਰਮ ਬਣਦਾ ਹੈ। ਗੁਰਬਾਣੀ ਦਾ ਕਥਨ ਹੈ :—

ਗੁਰੂ ਸਿੱਖ—ਸਿੱਖ ਗੁਰੂ ਹੈ
ਏਕੋ ਗੁਰੂ ਉਪਦੇਸ਼ ਚਲਾਵੈ।

ਗੁਰੂ ਤਾਂ ਸਾਰੇ ਗੁਰੂ ਨਾਨਕ ਪਾਤਸ਼ਾਹ ਤੋਂ ਲੈ ਕੇ ਮਹਾਰਾਜ ਗੁਰੂ ਗੋਬਿੰਦ ਸਿੰਘ ਤਕ ਹਨ। ਇਸ ਸਮੇਂ ਦੇ ਅੰਦਰ ਆਪ ਜੀ ਜਾਗਦੀ ਜੋਤ, ਆਪ ਦੇ ਬਚਨ, ਆਪ ਦੀ ਬਾਣੀ ਸ੍ਰੀ ਗੁਰੂ ਗਰਥ ਸਾਹਿਬ ਹਨ। ਅਜ ਦੇ ਸਮੇਂ ਵਿਚ ਆਪ ਦੇ ਸੇਵਾਦਾਰ ਜਗਦੇਵ ਸਿੰਘ ਤਲਵੰਡੀ ਨੂੰ ਪੰਥ ਦੀ ਸੇਵਾ ਮੁਖ ਰਖਦਿਆਂ ਹੋਇਆਂ ਇਸ ਦਾ ਹਾਥੀ ਤੇ ਚੜ੍ਹਾਕੇ ਜਲੂਸ ਕਢਿਆ ਤੇ ਵਡਿਆਇਆ ਜਦ ਕੇ ਤਖਤਾਂ ਦੇ ਜਥੇਦਾਰ ਸਾਹਿਬਾਨ ਤੇ ਹੋਰ ਗੁਰੂ ਕੇ ਸਿੱਖ ਸਭ ਪੈਦਲ ਨਾਲ ਸ਼ਾਮਲ ਹੋਏ। ਪ੍ਰੰਤੂ ਬਾਬਾ ਸਾਹਿਬ ਸਿੰਘ ਪਾਤਸ਼ਾਹ ਸਿੱਖ ਰਾਜ ਦੀ ਬਾਣੀ ਵਬਾਣੀ ਹੀ ਨਹੀਂ ਆਪ ਦੇ ਸਪੁੱਤਰ ਬਾਬਾ ਬਿਕਰਮਾ ਸਿੰਘ ਸਾਹਿਬ ਨੇ ਆਪਣੇ ਪਿਤਾ ਦੇ ਸਿੱਖ ਰਾਜ ਕਾਇਮ

ਕੀਤਿਆਂ ਸਿੱਖ ਪੰਥ ਦਾ ਸਾਥ ਦੇਂਦੇ ਹੋਏ ਆਪਣਾ ਆਪ ਕੁਰਬਾਨ ਕਰ ਦਿਤਾ, ਆਪਣਾ ਜਾਹੋ ਜਲਾਲ ਕੁਰਬਾਨ ਕਰ ਦਿਤਾ। ਆਪਣੀ ਜਾਇਦਾਦ ਕੁਰਬਾਨ ਕਰ ਦਿਤੀ। (ਜੋ 117 ਪਿੰਡਾਂ ਦੀ ਰਿਆਸਤ ਸੀ) ਆਪਣੀ ਆਨ ਤੇ ਸ਼ਾਨ ਕੁਰਬਾਨ ਕਰ ਦਿਤੀ। ਅਜਿਹੀਆਂ ਵਿਅਕਤੀਆਂ ਨਾਲ ਅਤੇ ਆਪ ਦੇ ਅਸਥਾਨਾਂ ਨਾਲ ਆਪ ਦੀ ਸੰਤਾਨ ਨਾਲ ਜੋ ਪੰਥ ਦੇ ਸੇਵਾਦਾਰ ਹਨ ਆਪ ਨਾਲ ਘਿਰਣਾ ਕਰਨੀ ਦੁਖ ਦਾਇਕ ਤੇ ਸ਼ਰਮਨਾਕ ਹੈ।

ਅਜ ਦਿਹਾੜਾ ਬਾਬਾ ਸਾਹਿਬ ਸਿੰਘ ਪਾਤਸ਼ਾਹ ਦਾ ਜਨਮ ਦਿਹਾੜਾ ਹੈ ਜਿਸ ਦਿਹਾੜੇ ਤੇ ਸੰਗਤਾਂ ਹਜ਼ਾਰਾਂ ਤੇ ਲੱਖਾਂ ਦੀ ਤਦਾਦ ਵਿਚ ਇਕੱਠੀਆਂ ਹੋਈਆਂ 201 ਅਖੰਡ ਪਾਠ ਕੀਤੇ ਗਏ ਹਨ। 27 ਮਾਰਚ ਨੂੰ ਬੜਾ ਭਾਰੀ ਜਲੂਸ ਨਿਕਲਿਆ। ਬਾਬਾ ਸਾਹਿਬ ਸਿੰਘ ਤੇ ਆਪ ਦੀ ਸੰਤਾਨ ਦੀਆਂ ਜੈਜੈ ਕਾਰ ਤੇ ਖੁਸ਼ੀਆਂ ਮਨਾਈਆਂ ਗਈਆਂ। ਤੇ ਦਰਸਾਇਆ ਗਿਆ ਕਿ ਇਹ ਪਾਤਸ਼ਾਹ ਤੇ ਆਪ ਦੀ ਸੰਤਾਨ ਕਿਸੀ ਕਿਸਮ ਦਾ ਪਾਤਸ਼ਾਹਾਂ ਦੇ ਮੁਕਾਬਲੇ ਤੇ ਗੁਰੂ ਡੰਮ ਨਹੀਂ ਫਲਾ ਰਹੀਆਂ। ਬਲਕਿ ਗੁਰੂ ਨਾਨਕ ਪਾਤਸ਼ਾਹ ਤੇ ਚਰਨਾਂ ਨਾਲ ਜੋੜ ਰਹੀਆਂ ਹਨ। ਪਾਤਸ਼ਾਹ ਦੀ ਸੰਤਾਨ ਨੇ ਸਦਾ ਹੀ ਪਾਤਸ਼ਾਹਾਂ ਦੀ ਬਾਣੀ ਦਾ ਪ੍ਰਚਾਰ ਕੀਤਾ ਹੈ। ਸੰਗਤਾਂ ਨੂੰ ਗੁਰੂ ਨਾਨਕ ਪਾਤਸ਼ਾਹ ਦੇ ਚਰਨਾਂ ਨਾਲ ਜੋੜਿਆ ਹੈ। ਆਪ ਨਾਲ ਜਦ ਵੀ ਸਿੱਖ ਕੌਮ ਨੇ ਸਾਥ ਦਿਤਾ ਗੁਰੂ ਖਾਲਸੇ ਦੀਆਂ ਚੜਦੀਆਂ ਕਲਾਂ ਰਹੀਆਂ। ਤੇ ਸਿਖ ਕੌਮ ਦੀ ਏਕਤਾ ਕਾਰਨ ਸਿਖ ਰਾਜ ਬਣਿਆ। ਆਪ ਦਾ ਇਤਹਾਸ ਵਰਨਣ ਕਰਦਿਆਂ ਹੋਇਆਂ ਸਰਦਾਰ ਖੁਸ਼ਵੰਤ ਸਿੰਘ ਜੀ ਨੇ ਸਿੱਖ ਹਿਸਟਰੀ ਵਿਚ ਵਰਨਣ ਕੀਤਾ ਹੈ। ਜੋ ਆਪ ਦੇ ਬਿਨਾਂ ਸਿੱਖ ਕੌਮ ਕਦੇ ਵੀ ਐਨੀ ਉਚੀ ਤੇ ਸੁੱਚੀ ਪੱਦਵੀ ਪ੍ਰਾਪਤ ਨਾ ਕਰ ਸਕਦੀ। ਜਿਸ ਦੀ ਪ੍ਰੋੜਤਾ ਪ੍ਰੋਫੈਸਰ ਤੇਜਾ ਸਿੰਘ ਤੇ ਸਰਦਾਰ ਕਪੂਰ ਸਿੰਘ ਆਈ. ਸੀ. ਐਸ. ਤੇ ਹੋਰ ਲਿਖਾਰੀਆ ਨੇ ਕੀਤੀ।

ਸੱਚ ਨੂੰ ਅਪਣਾਓ ਤੇ ਸਦਾ ਸੁਖ ਪਾਵੋ।

## ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ ਪਾਤਸ਼ਾਹ ਦਾ ਸਾਲਾਨਾ ਜੋਤੀ ਜੋਤ ਸਮਾਗਮ ਦਮਦਮਾ ਅਸਥਾਨ ਮਨਸੂਰਾਂ ਵਿਖੇ

ਆਪ ਦਾ ਜੋਤੀ ਜੋਤ ਸਮਾਗਮ ਹਰ ਸਾਲ ਵਾਂਗ ੧੧ ਅਖੰਡ ਪਾਠ ਰਖਵਾ ਬੜੀ ਸੱਜ ਧੱਜ ਨਾਲ ਆਪ ਦੇ ਦਮਦਮਾ ਅਸਥਾਨ ਮਨਸੂਰਾਂ ਵਿਖੇ 15-16-17 ਜੂਨ 1979 ਦਿਨ ਸ਼ੁਕਰ, ਸ਼ਨਿਚਰ ਅਤੇ ਐਤਵਾਰ ਨੂੰ ਮਨਾਇਆ ਜਾ ਰਿਹਾ ਹੈ।

ਰਾਗੀ ਢਾਡੀ ਅਤੇ ਪ੍ਰਚਾਰਕ ਪੁਜ ਕੇ ਸੰਗਤਾਂ ਦੇ ਦਰਸ਼ਨ ਕਰਨਗੇ।

ਜਲੂਸ ਨਗਰ ਜੋਧਾਂ ਤੇ ਮਨਸੂਰਾਂ ਵਿਖੇ 14-15 ਨੂੰ ਨਿਕਲੇਗਾ

ਲੰਗਰ ਗੁਰੂ ਕਾ ਅਤੁਟ ਵਰਤੇਗਾ।

ਮੁਖ ਲੇਖ—

# ਗੁਰ ਦੀਖਿਆ

ਇਕ ਦਿਨ ਕ੍ਰਿਪਾ ਨਿਧਾਨ ਸ੍ਰੀ ਬਾਬਾ ਜੀ ਮਹਾਰਾਜ ਆਪਣੀ ਮੌਜ ਵਿਚ ਬੈਠੇ ਸਨ ਤਾਂ ਇਕ ਸਿਖ ਨੇ ਦੋਵੇਂ ਹਥ ਜੋੜ ਕੇ ਬੇਨਤੀ ਕੀਤੀ ਗ੍ਰੀਬਨਿਵਾਜ ਜੀ ਕੋਈ ਵਿਸ਼ਨੂ ਦਾ ਉਪਾਸ਼ਕ ਹੈ ਕੋਈ ਸ਼ਿਵ ਦਾ, ਕੋਈ ਦੇਵੀ ਨੂੰ, ਕੋਈ ਬਰਨ ਨੂੰ, ਅਰਾਧਦਾ ਹੈ। ਕੋਈ ਕਿਸੀ ਦੇਵਤੇ ਨੂੰ ਕੋਈ ਕਿਸੀ ਦੇਵਤੇ ਨੂੰ ਮੰਨਦਾ ਹੈ। ਪਰ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦੇ ਘਰ ਦੇ ਸਿੱਖ ਅਸੀ ਲੋਕ ਕਿਸਦੇ ਉਪਾਸ਼ਕ ਹਾਂ। ਸਾਡਾ ਦੇਵਤਾ ਕੇਹੜਾ ਹੈ ਜਿਸਦਾ ਅਸੀ ਧਿਆਨ ਧਰਿਆ ਕਰੀਏ ॥

ਤਾਂ ਸਾਹਿਬ ਜੀ ਬਚਨ ਕੀਤਾ ਗੁਰੂ ਮਤ ਵਿਚ ਕੇਵਲ ਸਤਿਨਾਮ ਦੀ ਉਪਾਸ਼ਨਾ ਹੈ। ਨਾਮ ਹੀ ਸਰਬ ਦੇਵਾਂ ਦਾ ਦੇਵ ਹੈ। ਨਾਮ ਦੀ ਪੂਜਾ ਹੈ ਜੀਕੁਰ ਗੁਰੂ ਗ੍ਰੰਥ ਸਾਹਿਬ ਜੀ ਦੀ ਨਾਮ ਦੀ ਹੀ ਅਰਚਾ, ਨਾਮ ਦੀ ਬੰਧਨਾ, ਨਾਮ ਦਾ ਹੀ ਪਰਚਾ, ਨਾਮ ਦਾ ਸਿਮਰਣ ਕਰਨਾ, ਨਾਮ ਦੇ ਹੀ ਅਰਥ ਦਾ ਧਿਆਨ ਕਰਨਾ। ਸ੍ਰੀ ਗੁਰੂ ਨਾਨਕ ਆਦਿਕ ਨਾਮ ਦਾਨ ਬਖਸ਼ਣ ਵਾਲੇ ਸਤਿਗੁਰਾਂ ਦੀ ਸੇਵਾ ਪੂਜਾ ਕਰਨੀ ਜਿਸਦਾ ਕਾਰਣ ਨਾਮ ਹੀ ਹੈ। ਬਸ ਏਹ ਇਸ਼ਟ ਪਰਲੋਕ ਸਾਧਨ ਲਈ ਗੁਰੂ ਘਰ ਦੇ ਸਿੱਖਾਂ ਦਾ ਹੈ। ਜੋ ਕੋਈ ਅਪਣਾ ਇਸ਼ਟ ਤਿਆਗ ਕਰਕੇ ਕਿਸੀ ਹੋਰਸੁ ਦੇਵਤਾ ਦਾ ਪੂਜਨ ਕਰਦਾ ਹੈ, ਓਹ ਇਸ ਪ੍ਰਕਾਰ ਹੈ ਜੀਕੁਰ ਇਸਤ੍ਰੀ ਅਪਣੇ ਪਤਿਬ੍ਰਤ ਧਰਮ ਨੂੰ ਤਿਆਗ ਕਰਕੇ ਪਰ ਪੁਰਸ਼ ਵੱਲ ਝਾਕ ਕਰੇ ਤਾਂ ਉਸਦਾ ਪਤਿਬ੍ਰਤ ਧਰਮ ਨਸ਼ਟ ਹੋਜਾਂਦਾ ਹੈ। ਗੁਰੂ ਕੇ ਸਿੱਖਾਂ ਦਾ ਧਰਮ ਭੀ ਪਤਿਬ੍ਰਤਾ ਇਸਤ੍ਰੀ ਦੇ ਧਰਮ ਤੁੱਲ ਹੈ ॥

ਯਥਾ ਭਾਈ ਗੁਰਦਾਸ ਜੀ ਦੇ ਬਚਨ :

ਜੈਸੇ ਪਤਿਬ੍ਰਤਾ ਪਰ ਪੁਰਖੈ ਨ ਦੇਖਿਓ ਚਾਹੈ, ਪੂਰਨ ਪਤਿਬ੍ਰਤਾ ਕੈ ਪਤਿ ਹੀ ਕੋ ਧਿਆਨੁ ਹੈ।
ਸਰ ਸਰਤਾ ਸਮੁਦ੍ਰ ਚਾਤ੍ਰਿਕ ਨ ਚਾਹੈ ਕਾਹੂ, ਆਸ ਘਨ ਬੂੰਦ ਪ੍ਰਿਅ ਪ੍ਰਿਅ ਗੁਨ ਗਿਆਨ ਹੈ ॥
ਦਿਨ ਕਰ ਓਰ ਭੋਰ ਚਾਹਿਤ ਨਹੀਂ ਚਕੋਰ, ਮਨਬਚਕਰ ਮਹਿਮ ਕਰਿ ਪ੍ਰਿਆ ਪ੍ਰਾਨ ਹੈ।
ਤੈਸੇ ਗੁਰ ਸਿੱਖ ਆਨ ਦੇਵ ਸੇਵ ਰਹਿਤਿ, ਪੈ ਸਹਜ ਸੁਭਾਵਨ ਅਵੱਗਿਆ ਅਭਿਮਾਨ ਹੈ ॥
ਲੋਗ ਬੇਦ ਗਿਆਨ ਉਪਦੇਸ਼ ਹੈ ਪਤਿਬ੍ਰਤਾ ਕਉ, ਮਨ ਬਚਕ੍ਰਮ ਸ੍ਵਾਮੀ ਸੇਵਾ ਅਧਿਕਾਰ ਹੈ ॥
ਨਾਮ ਇਸ਼ਨਾਨ ਦਾਨ ਸੰਜਮ ਨ ਜਾਤ ਪਾਤ, ਤੀਰਥ ਬ੍ਰਤ ਪੂਜਾ ਨੇਮ ਨਤੁਕਾਰ ਹੈ ॥
ਹੋਮ ਜੱਗ ਭੋਗ ਨਈਬੇਦ ਨਹੀਂ ਦੇਵੀ ਦੇਵਾ ਰਾਗ ਦਾਨ ਬ ਦ ਨ ਸੰਬਾਦ ਆਨ ਦੁਆਰ ਹੈ॥
ਤੈਸੇ ਗੁਰ ਸਿੱਖਨ ਮੈਂ ਏਕ ਟੇਕ ਹੀ ਪ੍ਰਧਾਨ, ਆਨ ਗਯਾਨ ਸਿਮਰਨ ਬਿਬਚਾਰ ਹੈ ॥
ਦੋਇ ਦਰਪਨ ਦੇਖੈ ਏਕ ਸੈ ਅਨੇਕ ਰੂਪ, ਦੋਇ ਨਾਵ ਪਾਵ ਧਰੈ ਪਹੁਚੈ ਨ ਪਾਰਿ ਹੈ ॥
ਦੋਇ ਦਿਸ਼ਾ ਗਹਾਇ ਗਹੇ ਸੇ ਹਾਥ ਪਾਊਂ ਟੂਟੈ, ਦੁਰਾਹੈ ਦੁਚਿਤ ਹੋਇ ਭੂਲ ਪਗ ਧਾਰਿ ਹੈ॥
ਦੋਇ ਭੂਪ ਤਾਂਕੋ ਪਰਜਾ ਨ ਸੁਖੀ ਹੋਤੀ, ਦੋਇ ਪੁਰਖਨ ਕੀ ਨ ਕੁਲਾ ਬਧੂਨਾਰਿ ਹੈ ॥
ਗੁਰ ਸਿੱਖ ਹੋਇ ਆਨ ਦੇਵ ਸੇਵ ਟੇਵ ਗਹੇ, ਗਹੈ ਜਮ ਡੰਡ ਧ੍ਰਿਗ ਜੀਵਨ ਸੰਸਾਰ ਹੈ ॥

ਤਾਤਪਰਜ ਏਹ ਜਿਸਨੇ ਸਿੱਖਾਂ ਦੀ ਇਸ਼ਟ ਭਾਵਨਾ ਤੇ ਸਿੱਖੀ ਦਾ ਰੂਪ ਦੇਖਣਾ ਹੋਵੇ ਉਹ ਭਾਈ ਗੁਰਦਾਸ ਜੀ ਦੀ ਬਾਣੀ ਦਾ ਵੀਚਾਰ ਕਰੇ। ਬਿਨਾਂ ਭਾਈ ਗੁਰਦਾਸ ਜੀ ਦੀ ਬਾਣੀ ਦੇ ਬਿਚਾਰੇ ਗੁਰੂ ਕੀ ਸਿੱਖੀ ਦਾ ਸਰੂਪ ਮਹਾਤਮ ਤੇ ਇਸ਼ਟ ਉਪਾਸ਼ਨਾ ਦਾ ਨਿਸਚੇ ਨਹੀਂ ਹੋਂਦਾ॥

ਪ੍ਰਸ਼ਨ—ਗ੍ਰੀਬਨਿਵਾਜ਼ ਜੀ ਜਦ ਅਪਣੇ ਇਸ਼ਟ ਥੋਂ ਬਿਨਾਂ ਹੋਰ ਕਿਸੀ ਦੇਵਤਾ ਦੀ ਮਾਨਤਾ ਪੂਜਾ ਕਰਨੀ ਪਤਿਬ੍ਰਤਾ ਇਸਤ੍ਰੀ ਦੇ ਪਰ ਪੁਰਖ ਰਵਣ ਦੇ ਪਾਪ ਤੁਲ ਹੈ ਤਾਂ ਦਸਮ ਪਾਤਸ਼ਾਹ ਸ੍ਰੀ ਕਲਗੀਸਰ ਜੀ ਨੇ ਦੇਵੀ ਦਾ ਜੋ ਅਰਾਧਨ ਕੀਤਾ ਹੈ ਇਸਪਰ ਵਿਕਲਪ ਆ ਸਕਦਾ ਹੈ; ਕਿ ਏਹ ਭੀ ਤਾਂ ਦੂਜੇ ਦੇਵਤਾ ਦਾ ਅਰਾਧਨ ਹੋਇਆ। ਤੇ ਇਸਦੀ ਕੀ ਲੋੜ ਸੀ॥

ਸਾਹਿਬ ਜੀ ਦਾ ਉਤਰ—ਇਸ ਗੱਲ ਪਰ ਬਹੁਤ ਲੋਕ ਝਗੜਦੇ ਹੈਨ ਪਰ ਏਹ ਸੱਠ ਤਿਨ ਵੀਹਾਂ ਵਾਲਾ ਝਗੜਾ ਹੈ। ਜੀਕੁਰ ਕੋਈ ਕਹੇ ਸੱਠ ਹੈਨ, ਤੇ ਕੋਈ ਕਹੇ ਤਿੰਨ ਵੀਹਾਂ ਹੈਨ, ਏਹ ਕਹਿਕੇ ਆਪੋ ਵਿਚ ਲੜ ਪੈਨ। ਪਰ ਇਸ ਗੱਲ ਦੇ ਝਗੜੇ ਅਸਲੀ ਗੱਲ ਨੂੰ ਸਮਝਿਆਂ ਮਿਟ ਜਾਂਦੇ ਹਨ। ਈਕੁਰ ਹੀ ਦੇਵੀ ਦਾ ਸਰੂਪ ਭੀ ਸਮਝਿਆਂ ਹੋਇਆਂ ਸਾਰੇ ਵਿਕਲਪ ਮਿਟ ਜਾਂਦੇ ਹੈਨ। ਜਿਸਦਾ ਸੰਖੇਪ ਅਸੂਲ ਅਸੀ ਸੁਣਾਉਂਦੇ ਹਾਂ ਸੁਣੋ। ਦੇਵੀ, ਭਗਵਤੀ, ਸ਼ਕਤੀ, ਭਵਾਨੀ ਇਤਿਆਦਿਕ ਸਾਰੇ ਨਾਉਂ ਇੱਕੋ ਦੇਵੀ ਦੇ ਹੀ ਹੈਨ। ਜਿਸਦਾ ਅਵਾਹਿਨ ਸ੍ਰੀ ਕਲਗੀਧਰ ਜੀ ਮਹਾਰਾਜ ਨੇ ਕੀਤਾ। ਦੇਵ ਜੋ ਅਕਾਲ ਪੁਰਖ ਹੈ ਉਸਦੀ ਜੋ ਹੋਇ ਉਸਦਾ ਨਾਉਂ ਦੇਵੀ, ਭਗਵਤ ਜੋ ਅਕਾਲ ਪੁਰਖ ਵਾਹ ਗੁਰੂ ਹੈ ਉਸਦੀ ਜੋ ਹੋਵੇ ਸੋ ਭਗਵਤੀ, ਸ਼ਕਤੀਮਾਨ ਪਰਮੇਸ਼ਰ ਅਕਾਲਪੁਰਖ ਜੋ ਹੈ ਉਸਦੀ ਜੋ ਹੋਵੇ ਉਸਦਾ ਨਾਉਂ ਸ਼ਕਤੀ। ਚੌਦਾਂ ਭਵਨਾਂ ਦੀ ਕਾਰਣ ਜੋ ਹੋਵੇ ਉਸਦਾ ਨਾਉਂ ਭਵਾਨੀ। ਸੋ ਅਕਾਲਪੁਰਖ ਭਗਵਤ ਦੀ ਜੋ ਹੋਵੇ ਕਹੀ ਹੈ, ਸੋ ਕੀ ਹੋਵੇ ਤਿਸਪਰ ਸ੍ਰੀ ਕਲਗੀਧਰ ਜੀ ਮਹਾਰਾਜ ਦਾ ਪ੍ਰਮਾਣ ਹੈ:

ਯਥਾ ਬਚਨ॥

"ਪ੍ਰਿਥਮ ਕਾਲ ਸਭ ਜਗ ਕੋ ਤਾਤਾ॥
ਤਹਿ ਤੇ ਭਇਓ ਤੇਜ ਬਖਿਆਤਾ॥
ਸੋਈ ਭਵਾਨੀ ਨਾਮ ਕਹਾਈ॥
ਜਿਨ ਇਹ ਸਗਲੀ ਸ੍ਰਿਸ਼ਟ ਬਨਾਈ"॥

ਏਹ ਜੋ ਅਕਾਲ ਪੁਰਖ ਜੀ ਦਾ ਤੇਜ ਪ੍ਰਗਟ (ਬਖਿਆਤ) ਹੋਇਆ ਇਸੀਦਾ ਨਾਉਂ ਭਵਾਨੀ, ਦੇਵੀ, ਭਗਵਤੀ, ਆਦਿਕ ਹੋਇਆ ਜੋ ਉਸ ਤੇਜਵਾਨ ਥੀਂ ਜੁਦਾ ਨਹੀਂ। ਏਹ ਤੇਜ ਰੂਪ ਸ਼ਕਤੀ ਭਗਵਤੀ ਹੀ ਸਾਰੇ ਸੰਸਾਰ ਦੀ ਰਚਨਾ, ਪ੍ਰਿਤਪਾਲਾ, ਸੰਘਾਰ ਕਰਨ ਦਾ ਕਾਰਜ ਕਰ ਰਹੀ ਹੈ। ਇਸੀ ਤੇਜ ਪ੍ਰਤਾਪ ਰੂਪੀ ਭਗਵਤੀ ਦਾ ਅਵਾਹਿਨ ਕਰਕੇ ਸ੍ਰੀ ਕਲਗੀਧਰ ਜੀ ਮਹਾਰਾਜ ਨੇ ਚਿੜੀਆਂ ਕੋਲੋਂ ਬਾਜ਼ ਤੁੜਾਏ। ਸੋ ਜੁੱਧ ਦੇ ਆਰੰਭ ਵਿਚ ਜੀਤ ਦੀ ਅਭਿਲਾਖਾ ਲਈ ਇਸ ਤੇਜ ਪ੍ਰਤਾਪ ਰੂਪੀ ਭਗਵਤੀ ਭਵਾਨੀ ਨੂੰ ਪ੍ਰਗਟ ਕੀਤਾ। ਏਹ ਤੇਜ ਰੂਪ ਭਵਾਨੀ ਸਦੀਵ ਮਹਾਰਾਜ ਅਕਾਲ ਪੁਰਖ ਜੀ ਦੇ ਚਰਨਾਂ ਦੀ ਸ਼ਰਨ ਵਿਖੇ ਵਸਦੀ ਹੈ ਯਥਾ ਸ੍ਰੀ ਕਲਗੀਧਰ ਜੀ ਮਹਾਰਾਜ ਦਾ ਬਚਨ।

ਅਨਹਦ ਰੂਪ ਅਨਾਹਦ ਬਾਨੀ ॥
ਚਰਨ ਸਰਨ ਜਿਹ ਬਸਤ ਭਵਾਨੀ ॥
ਬ੍ਰਹਮਾ ਬਿਸ਼ਨ ਅੰਤ ਨਹੀਂ ਪਾਯੋ ॥
ਨੇਤਿ ਨੇਤਿ ਮੁਖਚਾਰ ਬਤਾਯੋ ॥

ਸੋ ਜਗਤ ਦੇ ਕਾਰਜਾਂ ਨੂੰ ਸਾਧਨ ਲਈ ਅਜੇਹੇ ਸਮੇਂ ਪਰ ਤੇਜ ਪ੍ਰਤਾਪ ਦੀ ਲੋੜ ਹੋਂਦੀ ਹੈ। ਸੋ ਉਸਦਾ ਅਵਾਹਿਨ ਕਰਨਾ ਜ਼ਰੂਰੀ ਸੀ।

ਪਰਲੋਕ ਦੇ ਸਾਧਨ ਵਾਸਤੇ ਏਹ ਅਵਾਹਿਨ ਨਹੀਂ ਸ਼ੀ, ਪਰਲੋਕ ਦਾ ਸਾਧਨ ਕੇਵਲ ਸਤਿਨਾਮ ਸ਼ਬਦ ਦੇ ਅਭਿਆਸ ਕਰਕੇ ਹੋਂਦਾ ਹੈ ॥

ਪ੍ਰਸ਼ਨ—ਏਹ ਜੋ ਕਹਿੰਦੇ ਹੈਨ ਕਿ ਭਗਵ੍ਤੀ ਪ੍ਰਗਟ੍ ਹੋਈ, ਸੋ ਭਗਵ੍ਤੀ ਤਾਂ ਅਪਨੇ ਤੇਜ ਰੂਪ ਬਰਨਿਨ ਕੀਤੀ ਹੈ। ਸੋ ਜੋ ਪ੍ਰਗਟ ਹੋਈ ਉਹ ਕੀ ਚੀਜ਼ ਸ੍ਰੀ ॥

ਉਤਰ—ਜੀਕੁਰ ਭਗਤਾਂ ਦੀ ਇੱਛਾ ਅਨੁਸਾਰ ਸਰੂਪਾਂ ਵਿਚ ਭਗਵਾਨ ਪ੍ਰਤੱਖ ਹੋ ਹੋਕਰ ਦਰਸ਼ਨ ਦੇਂਦਾ ਹੈ ਈਕੁਰ ਹੀ ਉਸ ਦਾ ਤੇਜ ਰੂਪ ਭਗਵਤੀ ਭਵਾਨੀ ਵੀ ਦਰਸ਼ਨ ਦੇਂਦੀ ਹੈ ਸੋ ਸ੍ਰੀ ਸਾਹਿਬ (ਤਲਵਾਰ) ਦਾ ਰੂਪ ਹੋਕੇ ਦਰਸ਼ਨ ਦਿੱਤਾ ॥ ਭਗਵਤੀ ਭਵਾਨੀ ਚੌਦਾਂ ਭਵਨਾਂ ਦਾ ਕਾਰਣ ਰੂਪ ਹੈ ਅਣਹੋਇਆ ਹੀ ਜਗਤ ਦਾ ਭਾਸ ਕਰਾ ਰਹੀ ਹੈ। ਅਰਥਾਤ ਅਨੇਕ ਪ੍ਰਕਾਰ ਦੇ ਬਚਿੱਤ੍ਰ ਰੂਪ ਧਾਰਨ ਕਰ ਰਹੀ ਹੈ। ਤਾਂ ਉਸ ਸਮੇਂ ਸ੍ਰੀ ਕਲਗੀਧਰ ਮਹਾਰਾਜ ਜੀ ਦੀ ਇੱਛਾ ਅਨੁਸਾਰ ਕੋਈ ਰੂਪ ਧਾਰਨ ਕਰਕੇ ਦਿਖਲਾ ਦਿੱਤਾ ਤਾਂ ਕੀ ਅਸਚਰਜ ਹੈ ॥ ਏਹੁ ਭਵਾਨੀ ਹੀ ਜਗਤ ਦੀ ਜਨਨੀ ਹੈ। ਇਸੀ ਦਾ ਨਾਉਂ ਕੁਦਰਤ ਹੈ। ਸੋ ਖ਼ਾਲਸਾ ਪੰਥ ਭੀ ਕੁਦਰਤੀ ਹੈ ਇਸ ਕਰਕੇ ਕੁਦਰਤ ਰੂਪ ਭਗਵਤੀ ਭਵਾਨੀ ਨੂੰ ਖ਼ਾਲਸੇ ਜੀ ਦੀ ਮਾਤਾ ਤੇ ਕਾਦਰ ਰੂਪ ਭਗਵਤ ਨੂੰ ਪਿਤਾ ਕਰਕੇ ਮੰਨਿਆਂ ਹੈ ਅਤੇ ਖ਼ਾਲਸਾ ਜੀ ਪੁਤ੍ਰ। ਸੋ ਮਾਤਾ ਦੀ ਲੋੜ ਵੇਲੇ ਮਾਤਾ ਨੂੰ ਯਾਦ ਕਰਨਾ ਤੇ ਪਿਤਾ ਦੀ ਲੋੜ ਵੇਲੇ ਪਿਤਾ ਨੂੰ ਯਾਦ ਕਰਨਾ ਇਸ ਵਿਚ ਕੋਈ ਦੋਸ਼ ਨਹੀਂ ਸਗੋਂ ਜ਼ਰੂਰੀ ਹੈ। ਸੋ ਏਹ ਮਾਤਾ ਪਿਤਾ ਦੋਵੇਂ ਕੋਈ ਜੁਦੀ ਜੁਦੀ ਵਸਤੂਆਂ ਨਹੀਂ ਜੀਕੁਰ ਸੂਰਜ ਥੋਂ ਸੂਰਜ ਦਾ ਤੇਜ ਜੁਦਾ ਨਹੀਂ ॥

---

# ਸਿੱਖ ਨੂੰ ਚਿਤਾਵਨੀ

ਮੁਨਸ਼ੀ ਜਸਵੰਤ ਸਿੰਘ ਊਨਾਂ ਸਾਹਿਬ

ਸਿਖ ਬਣਿਆਂ ਜੇ ਦਸਵੇਂ ਗੁਰ ਦਾ, ਤਾਂ ਪਿਛੇ ਪੈਰ ਹਟਾਈਂ ਨਾਂ।
ਪੰਜਾਂ ਕਕਿਆਂ ਦੀ ਰਹਿਤ ਰਖੀਂ, ਭੁਲ ਕੇ ਵੀ ਕੁੱਠਾ ਖਾਈਂ ਨਾਂ!
ਨੰਗੇ ਸਿਰ ਫਿਰਨਾ ਸਖਤ ਮਨਹਾਂ, ਪਰ—ਨਾਰੀ ਸੇਜੇ ਜਾਈਂ ਨਾਂ।
ਰਖ ਯਾਦ ਸਬਕ ਕਲਗੀਧਰ ਦਾ, ਮਰਨੋਂ ਕਤਰਾ ਘਬਰਾਈਂ ਨਾਂ।
ਮਨ ਮੂਰਖ ਦੇ ਕਹਿਣੇ ਲਗ ਕੇ, ਕਿਤੇ ਅਪਣਾ ਆਪ ਗਵਾਈਂ ਨਾਂ।
ਪੰਜ ਡਾਕੂ ਤੇਰੇ ਅੰਦਰ ਹਨ, ਇਹਨਾਂ ਦੇ ਕਾਬੂ ਆਈਂ ਨਾਂ।
ਅਪਣਾ ਨਿਤ ਨੇਮ ਵਿਸਾਰੀਂ ਨਾਂ, ਦਾਹੜੀ ਨੂੰ ਕੈਂਚੀ ਲਾਈਂ ਨਾਂ।
ਗੁਰਚਰਨੀ ਲਗ ਜਸਵੰਤ ਸਿੰਘਾਂ, ਗਫਲਤ ਵਿਚ ਗੋਤੇ ਖਾਈਂ ਨਾਂ।

# ਰਾਜਾ ਜੋਗੀ

ਅਰਥਾਤ ਜੀਵਨ ਕਥਾ

## ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ

( ਕ੍ਰਿਤ ਸ੍ਰੀਮਾਨ ਗਿਆਨੀ ਈਸ਼ਰ ਸਿੰਘ ਜੀ ਨਾਰਾ )

## ਪੋਥੀ ਗ੍ਰੰਥ ਦਾ ਅਦਬ ਕਰਨ ਦੀ ਤਾਕੀਦ ਕੀਤੀ

ਇਕ ਦਿਨ ਨਗਰ ਤੋਂ ਬਾਹਰ ਸੈਰ ਕਰਦੇ ਸ੍ਰੀ ਬਾਬਾ ਜੀ ਜਾ ਰਹੇ ਸਨ। ਰਾਹ ਕਿਨਾਰੇ ਕੂੜੇ ਦੇ ਢੇਰ ਵਿਚ ਗੁਰਮੁਖੀ ਦੀ ਲਿਖੀ ਇਕ ਪੋਥੀ ਡਿੱਠੀ। ਆਪ ਨੇ ਝੱਟ ਚੁੱਕ ਲੀਤੀ। ਦੇਖੀ ਤਾਂ ਗੁਰਬਾਣੀ ਸੀ। ਸਾਫ ਕਰਕੇ ਰੁਮਾਲ ਵਿਚ ਵਲੇਟੀ, ਤੇ ਫੁਰਮਾਇਆ— ਦੇਖੋ ! ਕਿਸੇ ਨੀਚ ਨੇ ਗੁਰਬਾਣੀ ਦੀ ਕਿੰਨੀ ਨਿਰਾਦਰੀ ਕੀਤੀ ਹੈ ? ਕੈਸਾ ਭਿਆਨਕ ਸਮਾਂ ਆ ਰਿਹਾ ਹੈ। ਪੋਥੀ ਗ੍ਰੰਥ ਦੀ ਕਦਰ ਨਹੀਂ ਕੀਤੀ ਜਾ ਰਹੀ। ਐਸਾ ਦੇਖ ਕੇ ਸਾਨੂੰ ਬਹੁਤ ਕਸ਼ਟ ਹੋਇਆ ਹੈ। ਜੇ ਇਸੇ ਤਰ੍ਹਾਂ ਪਈ ਰਹਿੰਦੀ ਤਾਂ ਨਿਰਾਦਰੀ ਬਦਲੇ ਨਗਰ ਹੀ ਸੜ ਜਾਂਦਾ। ਗੁਰੂ ਜੀ ਨੇ 'ਪੋਥੀ ਪ੍ਰਮੇਸ਼ਰ ਦਾ ਥਾਨ' ਦਸਿਆ ਹੈ। ਇਹ ਗੁਰਬਾਣੀ ਹੈ, ਤੇ ਇਹੀ ਗੁਰੂ ਹੈ। ਸਾਰਿਆਂ ਨੂੰ ਇਸਦਾ ਅਦਬ ਸਤਿਕਾਰ ਕਰਨਾਂ ਚਾਹੀਦਾ ਹੈ ਜੇਹੜਾ ਸਾਨੂੰ ਸੁਖੀ ਦੇਖਣਾ ਚਾਹੇ, ਉਹ ਪੋਥੀ ਗਰੰਥ ਦਾ ਅਦਬ ਰਖੇ, ਅਤੇ ਆਪ ਵੀ ਸੁਖੀ ਰਹੇ।

ਪੋਥੀ ਪਰਮੇਸ਼ਰ ਕੋ ਰੂਪਾ। ਇਨ ਦੁਖ ਕਰ ਮੋਹ ਦੁਖੀ ਨਿਰੂਪਾ।  
ਜੋ ਹਮ ਕੋ ਸੁਖਦਾਈ ਚਾਹੈ। ਪੋਥੀ ਗ੍ਰੰਥ ਅਦਬ ਅਵਗਾਹੇ।  
ਜੇ ਕਰ ਅਦਬ ਨ ਰਾਖਤ ਯਾਂਕੋ। ਨਗਰ ਜਰਤ ਸਭ ਕੋ ਦੁਖ ਬਾਂਕੋ।  
ਬਾਨੀ ਗੁਰੂ ਗੁਰੂ ਹੈ ਬਾਨੀ ਸ੍ਰੀ ਗੁਰੂ ਗਰੰਥ ਬਿਖੇ ਪ੍ਰਗਟਾਨੀ।  
ਗੁਰੂ ਰੂਪ ਲੱਖ ਪਥੀ ਗਰੰਥ। ਭਵ ਕਰੈ ਬਿਨਸੈ ਦੁਖ ਗਰੰਥ।  
(ਧਿਆਇ ੧੧੦, ੨੪)

## ਸਰਦਾਰ ਮਹਾਂ ਸਿੰਘ ਦੇ ਦੇਹਾਂਤ ਮਗਰੋਂ ਪ੍ਰਚਾਉਣੀ ਲਈ ਗੁਜਰਾਂਵਾਲੇ ਆਉਣਾ

ਡੇਹਰਾ ਬਾਬਾ ਨਾਨਕ ਦੀਆਂ ਸੰਗਤਾਂ ਨੂੰ ਨਿਹਾਲ ਕਰਕੇ ਫੇਰ ਆਪ 'ਕਲਾਲਾਂ ਵਾਦ' ਆਏ ਇਥੋਂ ਦੇ ਸਰਦਾਰ ਦੀਵਾਨ ਸਿੰਘ ਦੀ ਸੇਵਾ ਭੇਟਾ ਕਬੂਲ ਕਰਨ ਮਗਰੋਂ ਗੁਜਰਾਂਵਾਲੇ ਆਣ ਬਿਰਾਜੇ। ਇਨ੍ਹੀਂ ਦਿਨੀਂ ਸਰਦਾਰ ਮਹਾਂ ਸਿੰਘ ਚੜ੍ਹਾਈ ਕਰ ਚੁਕੇ ਸਨ। ਤੇਰ੍ਹਵੀਂ ਦੇ ਦਿਨ ਪਰਚਾਉਣੀ ਲਈ ਕਈ ਰਾਜੇ, ਰਾਣੇ ਨਵਾਬ ਅਤੇ ਮਿਸੱਲਾਂ ਦੇ ਸਰਦਾਰ ਵੀ ਆਏ। ਇਸ

ਸਮੇਂ ਸਰਦਾਰਨੀ ਰਾਜ ਕੌਰ ਵਲੋਂ ਖਿਨੈ ਪੱਤਰ ਭੇਜ ਕੇ ਆਪ ਨੂੰ ਉਚੇਚਾ ਬੁਲਾਇਆ ਗਿਆ, ਕਿ ਇਹਦੇ ਪੁਤਰ ਰਣਜੀਤ ਸਿੰਘ ਨੂੰ ਆਪਣੇ ਸ਼ੁਭ ਹੱਥਾਂ ਨਾਲ ਦਸਤਾਰ ਬੰਦੀ ਦੀ ਰਸਮ ਨੂੰ ਸੁਹਾਵਣਾਂ ਕਰਨ।

ਰਣਜੀਤ ਸਿੰਘ ਦੀ ਉਮਰ ਇਸ ਵੇਲੇ ਮਸਾਂ ੧੧, ੧੨ ਸਾਲਾਂ ਦੀ ਸੀ। ਇਨ੍ਹਾਂ ਦੇ ਪਿਤਾ ਸ: ਮਹਾਂ ਸਿੰਘ ਨਾਲ ਵੈਰ ਰਖਣ ਵਾਲੇ ਜੇਹੜੇ ਕੁਝ ਸਰਦਾਰ ਤੇ ਰਈਸ ਸਨ ਉਹਨਾਂ ਨੇ ਇਸ ਸਮੇਂ ਨੂੰ ਗਵਾ ਦੇਣਾ ਠੀਕ ਨ ਜਾਣਿਆਂ। ਸਲਾਹ ਕਰ ਲਈ ਕਿ ਰਣਜੀਤ ਸਿੰਘ ਨੂੰ ਹੁਣ ਬੰਨੇ ਲਾ ਦਿਤਾ ਜਾਏ, ਅਤੇ ਆਪਣੇ ੨ ਇਲਾਕੇ ਖੋਹ ਕੇ ਵੰਡ ਲਈਏ, ਜੋ ਸਰਦਾਰ ਮਹਾਂ ਸਿੰਘ ਨੇ ਇਹਨਾਂ ਪਾਸੋਂ ਦਬਾਏ ਹੋਏ ਸਨ। ਇਹਨਾਂ ਦੀ ਇਸ ਖੋਟੀ ਨੀਅਤ ਦਾ ਪਤਾ ਰਾਨੀ ਰਾਜ ਕੌਰ ਨੂੰ ਹੋਇਆ। ਉਸ ਚਿੰਤਾਤੁਰ ਹੋਈ ਨੇ ਸਾਰੀ ਗਲ ਬਾਤ ਬਾਬਾ ਜੀ ਨੂੰ ਦਸ ਦਿਤੀ ਸ੍ਰੀ ਬਾਬਾ ਜੀ ਨੇ ਫੁਰਮਾਇਆ—ਬੇਟੀ ਚਿੰਤਾ ਨ ਕਰ, ਇਸਦਾ ਰਾਖਾ ਆਪ ਅਕਾਲ ਪੁਰਖ ਹੈ, ਤੇ ਇਸਦਾ ਕੋਈ ਵਾਲ ਵੀ ਵਿੰਗਾ ਨਹੀਂ ਕਰ ਸਕੇਗਾ। ਇਹ ਬੜਾ ਪ੍ਰਤਾਪੀ ਮਹਾਰਾਜ ਹੋ ਕੇ ਸਾਰੇ ਪੰਜਾਬ ਤੇ ਰਾਜ ਕਰੇਗਾ। ਇਹਦੇ ਦੋਖੀ ਆਪੇ ਦਬ ਜਾਣਗੇ ਤੇ ਗੁਰੂ ਕੀ ਮੇਹਰ ਹੋਵੇਗੀ।

ਇਸ ਤਰ੍ਹਾਂ ਦੇ ਭਰੋਸਾ ਭਰੇ ਬਚਨ ਸੁਣੇ ਤਾਂ ਧੀਰਜ ਹੋਈ। ਸਰਦਾਰ ਮਹਾਂ ਸਿੰਘ ਜੀ ਦੀ ਆਤਮਾਂ ਦੀ ਸ਼ਾਂਤੀ ਨਿਮਿਤ ਰਖਾਏ ਹੋਏ ਪਾਠ ਦਾ ਭੋਗ ਪਿਆ। ਦਸਤਾਰ ਬੰਦੀ ਸਮੇਂ ਆਏ ਹੋਏ ਸਰਦਾਰ ਅਤੇ ਰਈਸ ਵੀ ਸਾਰੇ ਹਾਜ਼ਰ ਸਨ। ਸਭ ਤੋਂ ਪਹਿਲੇ ਸ੍ਰੀ ਬਾਬਾ ਜੀ ਨੇ ਗੁਰੂ ਹੁਕਮ ਦੀ ਵੀਚਾਰ (ਕੱਥਾ) ਸੁਣਾਈ। ਉਪਰੰਤ ਅਰਦਾਸੇ ਵਿਚ ਸਰਦਾਰ ਮਹਾਂ ਸਿੰਘ ਦੀ ਆਤਮਾ ਦੀ ਸ਼ਾਂਤੀ ਅਤੇ ਰਣਜੀਤ ਸਿੰਘ ਦੀ ਬਿਰਧ ਆਯੂ, ਤੇਜ ਪ੍ਰਤਾਪ ਦੇ ਵਾਧੇ ਲਈ ਬੇਨਤੀ ਕੀਤੀ ਅਤੇ ਦਸਤਾਰ ਬੰਦੀ ਦੇ ਕਾਰਜ ਦੀ ਨਿਰਵਿਘਨਤਾ ਲਈ ਅਕਾਲ ਪੁਰਖ ਪਾਸੋਂ ਬਖਸ਼ਸ਼ ਦੀ ਮੰਗ ਕੀਤੀ ਗਈ।

ਇਸ ਵੇਲੇ ਸ੍ਰੀ ਬਾਬਾ ਸਾਹਿਬ ਜੀ ਨੇ ਰਣਜੀਤ ਸਿੰਘ ਨੂੰ ਆਪਣੀ ਗੋਦ ਵਿਚ ਲੀਤਾ ਸੁੰਦਰ ਦਸਤਾਰ ਹੱਥੀਂ ਸਜਾ ਕੇ ਆਪਣੇ ਗਾਤਰੇ ਦੀ ਕ੍ਰਿਪਾਨ ਇਹਦੇ ਗਲ ਪਾਈ ਤੇ ਗੁਰੂ ਜਸਮੇਸ਼ ਜੀ ਦਾ ਇਹ ਸ੍ਰੀ ਮੁਖ ਵਾਕ ਛੰਡ ਪੜ੍ਹ ਸੁਣਾਇਆ :—

ਖਲ ਖੰਡ ਬਿਹੰਡੰ, ਖਲ ਦਲ ਖੰਡੰ,
ਅਤਿ ਰਣਿ ਮੰਡੰ ਬਰਡੰਡੰ।
ਭੁਜ ਦੰਡ ਅਖੰਡੰ, ਤੇਜ ਪ੍ਰਚੰਡੰ,
ਜੋਤ ਅਮੰਡੰ, ਭਾਨ ਪ੍ਰਭੰ।
ਸੁਖ ਸੰਤਾਂ ਕਲਣੰ, ਦੁਰਮਤ ਦਰਣੰ,
ਕਿਲ ਬਿਖ ਹਰਣੰ, ਅਸਿ ਸਰਣੰ।
ਜੈ ਜੈ ਜਗ ਕਾਰਣ, ਸ੍ਰਿਸ਼ਟ ਉਬਾਰਣ,
ਮਮ ਪ੍ਰਿਤਪਾਰਣ ਜੈ ਤੇਗੰ।

ਇਸ ਤਰ੍ਹਾਂ ਦੀਆਂ ਅਸੀਸਾਂ ਨਾਲ ਸ੍ਰੀ ਬਾਬਾ ਜੀ ਨੇ ਰਣਜੀਤ ਸਿੰਘ ਜੀ ਨੂੰ

ਨਿਰਾਜਿਆ। ਦਸਤਾਰ ਬੰਦੀ ਦੀ ਰਸਮ ਪੂਰੀ ਹੋਣ ਤੇ ਦੀਵਾਨ ਦੀ ਸਮਾਪਤੀ ਹੋਈ ਤੇ ਆਪ ਜੀ ਆਪਣੇ ਡੇਰੇ ਆਣ ਬਿਰਾਜੇ ਇਹ ਜ਼ਿਕਰ ੧੯ ਵੈਸਾਖ ਸੰਮਤ ੧੮੪੭ ਬਿਕ੍ਰਮੀ ਮੁਤਾਬਿਕ ੧ ਮਈ ਸੰਨ ੧੭੯੦ ਦਾ ਹੂੰ।

## ਗੁਜਰਾਂਵਾਲੇ ਤੋਂ ਚਾਲੇ ਪਾ ਕੇ ਰਾਮਨਗਰ ਆਏ

ਸ੍ਰਦਾਰ ਮਹਾਂ ਸਿੰਘ ਦੀ ਪ੍ਰਚਾਉਣੀ (ਮਾਤਮ ਪੁਰਸ਼ੀ) ਸਮੇਂ ਆਏ ਹੋਏ ਸਰਦਾਰਾਂ ਰਈਸਾਂ ਵਿਚੋਂ ਜੋ ਜੋ ਸਚੇ ਦਰਦੀ ਸਨ ਉਹ ਵੀ ਅਤੇ ਜਿਹੜੇ ਅੰਦਰੋਂ ਹੋਰ ਤੇ ਬਾਹਰੋਂ ਹੋਰ ਕਪਟੀ ਸਨ, ਇਸ ਸਮਾਗਮ ਉਤੇ ਸਭਨਾਂ ਦਾ ਨਿਰਨਾ ਹੋ ਗਿਆ ਸੀ। ਭਾਵੇਂ ਰਾਣੀ 'ਰਾਜ ਕੌਰ' ਦੀ ਸਿਆਣਪ, ਅਥਵਾ ਸ੍ਰੀ ਬਾਬਾ ਜੀ ਦੇ 'ਰਣਜੀਤ' ਸਿੰਘ ਦੇ ਪੱਖੀ ਹੋ ਜਾਣ ਕਾਰਣ, ਇਸ ਵੇਲੇ ਦੁਸ਼ਮਣਾਂ ਦਾ ਦਾਉ ਨਹੀਂ ਚਲ ਸਕਿਆ ਸੀ, ਪਰ ਬੁਰੀ ਨੀਅਤ ਨਾਲ ਗੋਂਦਾ ਜ਼ਰੂਰ ਗੁੰਦੀਆਂ ਤੇ ਘਰਾਂ ਨੂੰ ਗਏ ਸਨ। ਇਹ ਗਲ ਵੀ ਸਾਰਿਆਂ ਤੇ ਪ੍ਰਗਟ ਹ ਗਈ ਕਿ ਮਹਾਂ ਸਿੰਘ ਦੀ ਮੌਤ ਹੋਏ ਨਾਲ ਰਣਜੀਤ ਸਿੰਘ ਦੀ ਕੰਢ ਖਾਲੀ ਨਹੀਂ ਹੋਈ ਸਗੋਂ ਇਕ ਸੱਚੀ ਵਡੇਰੀ ਤਾਕਤ ਇਸ ਦੇ ਧੜੇ ਤੇ ਹੋ ਗਈ ਹੈ। ਫਿਰ ਵੀ ਦੁਸ਼ਮਣਾਂ ਇਸ ਨੂੰ ਵਿਸਾਰਨਾ ਨ ਕੀਤਾ ਅਤੇ ਤਾੜਦੇ ਰਹਿੰਦੇ ਕਿ ਜਿਵੇਂ ਕਿਵੇਂ ਹੋਵੇ ਇਸ ਨੂੰ ਠਿਕਾਣੇ ਲਾ ਦਿਤਾ ਜਾਏ, ਨਹੀਂ ਤਾਂ ਫੇਰ ਸੰਭਾਲਿਆ ਨਹੀਂ ਜਾਇਗਾ।

ਹੁਣ ਜਿਸ ਤਰ੍ਹਾਂ ਨਾਲ ਹੋਰ ਲੋਕੀਂ 'ਰਾਣੀ ਰਾਜ ਕੌਰ' ਪਾਸੋਂ ਆਗਿਆ ਪਾ ਕੇ ਘਰਾਂ ਤੇ ਅਲਾਕਿਆਂ ਨੂੰ ਗਏ ਸਨ, ਬਾਬਾ ਸਾਹਿਬ ਸਿੰਘ ਵੀ ਹਰ ਤਰ੍ਹਾਂ ਦਾ ਭਰੋਸਾ ਦੇ ਕੇ ਵਿਦਾ ਹੋ ਗਏ ਸਨ। ਆਪ ਜੀ ਨੇ 'ਰਾਮ ਨਗਰ' ਆਣ ਕੇ ਮੁਕਾਮ ਕੀਤਾ ਸੀ। ਨਗਰ ਵਾਸੀ ਅਤੇ ਆਲੇ ਦੁਆਲੇ ਦੀਆਂ ਸੰਗਤਾਂ ਨੇ ਬਹੁਤ ਪਿਆਰ ਨਾਲ ਸੇਵਾ ਕੀਤੀ, ਅਤੇ ਸਭ ਉਪਦੇਸ਼ ਸੁਣ ਕੇ ਨਿਹਾਲ ਹੋਈਆਂ।

ਸੰਗਤਾਂ ਦਾ ਪ੍ਰੇਮ ਤੇ ਉਤਸ਼ਾਹ ਦੇਖ ਕੇ ਸ੍ਰੀ ਬਾਬਾ ਜੀ ਦਾ ਮੁਕਾਮ ਅਜੇ ਇਥੇ ਹੀ ਸੀ ਸ: ਰਣਜੀਤ ਸਿੰਘ ਤੇ ਇਨ੍ਹਾਂ ਦੀ ਮਾਤਾ 'ਰਾਣੀ ਰਾਜ ਕੌਰ' ਵੀ ਬਾਬਾ ਜੀ ਪਾਸ 'ਰਾਮ ਨਗਰ' ਆਏ। ਬਾਬਾ ਜੀ ਨੇ ਆਪਣੇ ਤੰਬੂ ਦੇ ਨੇੜੇ ਹੀ ਇਨ੍ਹਾਂ ਦਾ ਡੇਰਾ ਕਰਾਇਆ ਅਤੇ ਪਿਆਰ ਨਾਲ ਜਲਦੀ ਆਉਣ ਦਾ ਕਾਰਨ ਪੁਛਿਆ। ਰਾਣੀ ਜੀ ਨੇ ਦਸਿਆ ਕਿ ਰਣਜੀਤ ਸਿੰਘ ਦਾ ਅਕੱਲੇ ਹੀ ਗੁਜਰਾਂਵਾਲੇ ਵਿਚ ਰਹਿਣਾ ਅਜੇ ਖਤਰੇ ਥੀਂ ਖਾਲੀ ਨਹੀਂ ਹੈ। ਜੇਹੜੀਆਂ ਸੂਆਂ ਮਿਲ ਰਹੀਆਂ ਹਨ, ਉਹਨਾਂ ਥੀਂ ਪਤਾ ਲਗਦਾ ਹੈ ਕਿ ਦੁਸ਼ਮਣ ਪੂਰੀ ਤਿਆਰੀ ਨਾਲ ਪਿਛੇ ਪੈਣ ਦੀਆਂ ਗੋਂਦਾ ਗੁੰਦ ਰਹੇ ਹਨ, ਜੋ ਦਸਣ ਨੂੰ ਆਏ ਹਾਂ। ਇਹ ਸੁਣ ਕੇ ਬਾਬਾ ਜੀ ਨੇ ਫੇਰ ਧੀਰਜ ਦਿਤਾ ਅਤੇ ਗੁਜਰਾਂਵਾਲ ਦਾ ਪ੍ਰਬੰਧ ਪਕਿਆਂ ਰਖਣ ਲਈ ਕੁਝ ਆਪਣੇ ਜਵਾਨ ਭੇਜ, ਤੇ ਇਨ੍ਹਾਂ (ਮਾਂ-ਪੁਤ੍ਰ) ਦੋਹਾਂ ਨੂੰ ਥੋੜੇ ਚਿਰ ਲਈ ਆਪਣੇ ਪਾਸ ਹੀ ਰਖਿਆ।

ਰਣਜੀਤ ਸਿੰਘ ਜੀ ਨੂੰ ਵੀ ਸ਼ਿਕਾਰ ਖੇਡਣ ਦਾ ਸ਼ੌਕ ਸੀ, ਇਹ ਇਕ ਦਿਨ ਕੁਝ ਕੁ ਸ਼ਿਕਾਰੀਆਂ ਸਣੇ ਸ਼ਿਕਾਰ ਨੂੰ ਗਏ, ਤਾਂ ਅਗੇ ਇਸੇ ਨੰਗਲ ਵਿਚ 'ਹਸ਼ਮਤ ਖਾਂ' ਨੇ ਸ਼ਿਕਾਰ ਦੀ ਥਾਂ ਆਪਣੇ ਵੈਰੀ ਦਾ ਪੁਤਰ ਸਾਹਮਣੇ ਆਇਆ ਦੇਖ ਕੇ ਬੰਦੂਕ ਚਲਾ ਦਿਤੀ, ਕੁਦਰਤ ਨੇ

ਇਸ ਦਾ ਸਾਥ ਨ ਦਿਤਾ। ਨਿਸ਼ਾਨਾ ਚੁਕ ਕੇ ਗੋਲੀ ਘੋੜੀ ਦੇ ਪੇਟ ਵਿਚ ਜਾ ਲਗੀ। ਉਹ ਧੜਾਪ ਕਰਦੀ ਡਿਗ ਪਈ, ਪਰ ਰਣਜੀਤ ਸਿੰਘ ਜੀ ਦੀ ਅਕਾਲਪੁਰਖ ਨੇ ਰਖਿਆ ਕੀਤੀ। ਉਦਮ ਬਖਸ਼ਿਆ, ਕਿ ਅੱਖ ਦੇ ਫਰਕਣ ਵਿਚ ਇਸ ਨੇ ਆਪਣੀ ਤਲਵਾਲ ਨਾਲ ਹਸ਼ਮਤ ਖਾਨ ਨੂੰ ਥਾਂਏ ਰਖਿਆ। ਉਹਦਾ ਸਿਰ ਇਕੋ ਵਾਰ ਨਾਲ ਧੜ ਤੋਂ ਲਾਹ ਸੁਟਿਆ ਇਸ ਨੇ ਡੇਰੇ ਆ ਕੇ ਆਪਣੀ ਮਾਤਾ ਅਤੇ ਸ੍ਰੀ ਹਜ਼ੂਰ ਨੂੰ ਸਾਰੀ ਗਲ ਆਖ ਸੁਣਾਈ ਸੀ। ਬਾਬਾ ਜੀ ਬਹੁਤ ਪ੍ਰਸੰਨ ਹੋਏ ਤੇ ਅਕਾਲ ਪੁਰਖ ਦੀ ਸ਼ੁਕਰ ਗੁਜ਼ਾਰੀ ਵਿਚ ਸਭ ਨੇ ਸੀਸ ਝੁਕਾਇਆ ਕਿ ਜਿਨ ਨੇ ਸ: ਰਣਜੀਤ ਸਿੰਘ ਦੀ ਆਪ ਸਹਾਇਤਾ ਕੀਤੀ ਹੈ।

ਇਸ ਵੇਲੇ ਰਾਣੀ ਰਾਜ ਕੌਰ (ਰਣਜੀਤ ਸਿੰਘ ਦੀ ਮਾਤਾ) ਨੇ ਦੱਸਿਆ—ਕਿ ਮਹਾਰਾਜ ਬਾਬਾ ਜੀਓ ! ਹਸ਼ਮਤ ਖਾਨ ਦਾ ਇਸੇ ਵੇਲੇ ਸ਼ਿਕਾਰ ਨੂੰ ਆਉਣਾ। ਇਹ ਪਕੇ ਮਨਸੂਬੇ ਦੀ ਗਵਾਹੀ ਹੈ ਪਰ ਬਾਬਾ ਜੀ ਨੇ ਧੀਰਜ ਦਿਤਾ ਤੇ ਆਖਿਆ—ਵਾਹਿਗੁਰੂ ਰਾਖਾ ਹੈ ਤਾਂ ਕੋਈ ਕੁਝ ਵਿਗਾੜ ਨਹੀਂ ਸਕੇਗਾ।

# ਸ੍ਰ: ਰਣਜੀਤ ਸਿੰਘ ਜੀ ਨੂੰ ਮਹਾਰਾਜਗੀ ਦੇ ਵਰਦਾਨ ਅਤੇ 'ਰਾਮ ਨਗਰ' ਬਾਬਾ ਜੀ ਦੇ ਡੇਰੇ ਉਤੇ ਦੁਸ਼ਮਣਾਂ ਦਾ ਹੱਲਾ

'ਹਸ਼ਮਤ ਖਾਨ' ਦੀ ਮੌਤ ਥੀਂ ਥੋੜੇ ਹੀ ਦਿਨਾਂ ਪਿਛੋਂ ਇਕ ਸੂਹੀਏ ਨੇ ਰਾਣੀ ਰਾਜ ਕੌਰ' ਨੂੰ ਇਹ ਗੱਲ ਆ ਕੇ ਦੱਸੀ। ਕਿ ਦੁਸ਼ਮਣਾਂ ਨੇ ਜਿਨ੍ਹਾਂ ਦਾ ਪਹਿਲੇ ਦਾ ਨਹੀਂ ਚਲਿਆ ਸੀ ਉਹ ਪੂਰੀ ਤਿਆਰੀ ਨਾਲ ਤੁਹਾਡੇ ਮਗਰ ਆ ਰਹੇ ਅਤੇ ਇਥੋਂ ਥੋੜੀ ਹੀ ਵਿਥ ਉਤੇ ਪੁਜ ਚੁਕੇ ਹਨ। ਤੁਸੀਂ ਅਵੇਸਲੇ ਨ ਰਹਿਣਾ। ਰਾਣੀ ਜੀ ਨੇ ਇਹ ਸਾਰੀ ਗੱਲ ਬਾਬਾ ਜੀ ਨੂੰ ਸੁਣਾ ਦਿਤੀ, ਕਿ ਜੇਹੜੇ ਲੋਕੀਂ ਸਰਦਾਰ ਜੀ ਤੋਂ ਥੱਰ ਥੱਰ ਕੰਬਦੇ ਸਨ ਅੱਜ ਉਹ ਸ਼ੇਰ ਬਣ ਕੇ ਇਥ ਵੀ ਪੁੱਜ ਰਹੇ ਹਨ। ਇਹ ਸੁਣ ਕੇ ਬਾਬਾ ਜੀ ਨੇ ਆਪਣੀ ਸੈਨਾਂ ਨੂੰ ਸਾਵਧਾਨ ਹੋ ਰਹਿਣ ਦੀ ਆਗਿਆ ਦਿਤੀ, ਕਿਹਾ ਕਿ ਆਪਣੀ ਵਲੋਂ ਦਰ ਆਇਆਂ ਉਤੇ ਪਹਿਲੇ ਸੱਟ ਨਹੀਂ ਕਰਣੀ ਅਤੇ ਸਮੇਂ ਨੂੰ ਵਿਚਾਰਨਾ ਹੈ। ਇਧਰ ਇਸ ਤਰ੍ਹਾਂ ਦੀਆਂ ਗੱਲਾਂ ਬਾਤਾਂ ਹੋ ਰਹੀਆਂ ਸਨ, ਤਾਂ ਮਿਸਲਾਂ ਦੇ ਕਈ ਸਰਦਾਰ ਤੇ ਰਈਸ ਘੋੜ ਸਵਾਰ ਅਤੇ ਪੈਦਲ ਸਪਾਹੀਆਂ ਸਣੇ ਦੂਰੋਂ ਆਉਂਦੇ ਸਾਹਮਣੇ ਦਿਸੇ। ਜੋ ਥੋੜੇ ਚਿਰ ਵਿਚ 'ਰਾਮ ਨਗਰ' ਆ ਕੇ ਬਾਬਾ ਜੀ ਦੇ ਡੇਰੇ ਦੇ ਅਗੇ ਪਿੱਛੇ ਹੋ ਕੇ ਗੁੰਦੀ ਹੋਈ ਗੋਂਦ ਮੁਤਾਬਿਕ ਆਪਣੇ ਤੰਬੂ ਲਾ ਦਿਤੇ। ਇਹ ਵੇਲਾ 'ਰਾਣੀ ਰਾਜ ਕੌਰ' ਵਾਸਤੇ ਥੋੜਾ ਦੁਖਦਾਈ ਨਹੀਂ ਸੀ। ਪਰ ਬਾਬਾ ਜੀ ਦੇ ਬਚਨਾਂ ਉਤੇ ਇਹਨੂੰ ਪੂਰਨ ਵਿਸ਼ਵਾਸ਼ ਸੀ ਕਿ ਮੇਰੇ ਪੁਤਰ ਦਾ ਰਾਖਾ ਆਪ ਅਕਾਲ ਪੁਰਖ ਹੈ, ਜਿਸ ਨੇ ਪਹਿਲੇ ਵੀ ਗੋਲੀ ਦੇ ਵਾਰ ਤੋਂ ਬਚਾਇਆ, ਤੇ ਹੁਣ ਵੀ ਸਹਾਇਤਾ ਕਰੇਗਾ। ਇਹ ਪੁਤਰ ਨੂੰ ਨਾਲ ਲੈ ਕੇ ਬਾਬਾ ਜੀ ਦੇ ਤੰਬੂ ਵਿਚ ਆ ਗਈ ਤੇ ਰਣਜੀਤ ਸਿੰਘ ਦੀ ਬਾਂਹ ਬਾਬਾ ਜੀ ਦੇ ਹਥ ਫੜਾ ਕੇ ਘਬਰਾਈ ਹੋਈ ਰੋਣ ਲਗ ਪਈ। ਬਾਬਾ ਜੀ ਨੇ ਸੀਸ ਤੇ ਹਥ ਫੇਰਿਆ, ਧੀਰਜ ਦੇ ਕੇ ਚੁਪ ਕਰਾਇਆ, ਤੇ ਬਚਨ ਕੀਤਾ ਤੂੰ ਚਿੰਤਾ ਨ ਕਰ ! ਤੇਰਾ ਪੁਤ੍ਰ

ਰਾਜ ਕਰੇਗਾ ਤੇ ਮੈਂ ਪੁਤਰ ਜਾਣ ਇਹਦੀ ਰਖਿਆ ਕਰਾਂਗਾ—

ਨਰ ਵਰ ਪ੍ਰਿਆ ਨ ਚਿੰਤ ਕਰ, ਤੁਮਰੋ ਸੁਤ ਕਰ ਰਾਜ।
ਮੁਮ ਸੁਤ ਜਿਉਂ ਯਾਂਕੋ ਰਖੋਂ, ਮਾਰੋਂ ਸ਼ਤਰੂ ਸਮਾਜ।

(ਗੁ: ਹੁ: ਧਿ: ੧੯, ੨੯ ਉਤ੍ਰਾਰਧ)

ਇਸ ਤਰ੍ਹਾਂ ਦੇ ਬਚਨ ਅਜੇ ਹੋ ਹੀ ਰਹੇ ਸਨ ਤਾਂ ਘਰ ਆਏ ਸ਼ਤਰੂ ਵੀ ਸਣੇ ਹਥਿਆਰਾਂ ਦੇ ਤੰਬੂ ਵਿਚ ਆਏ ਤੇ ਜਗਤ ਵਿਖਾਵਾ ਪਾਖੰਡ ਕਰਦਿਆਂ ਨੇ ਬਾਬਾ ਜੀ ਅਗੇ ਆਣ ਨਮਸਕਾਰ ਕੀਤੀ। ਹਜ਼ੂਰ ਨੇ ਵੀ ਆਉ ਭਗਤ ਕੀਤੀ ਤੇ ਬਿਠਾਇਆ। ਕੁਝ ਚਿਰ ਤਾਂ ਚੁਪ ਚਾਪ ਸ਼ਾਂਤੀ ਵਰਤੀ ਰਹੀ। ਪਰ ਥੋੜੀ ਦੇਰ ਮਗਰੋਂ ਇਨ੍ਹਾਂ ਦੇ ਆਸ਼ੇ ਨੂੰ ਸਮਝਦੇ ਹੋਏ ਇਉਂ ਬਚਨ ਕੀਤਾ—'ਐ ਰਾਜਲ ਖਾਲਸਾ ਜੀਉ ! ਟੁੱਟੇ ਹੋਏ ਭਰਾਵਾਂ ਨੂੰ ਮੇਲਣਾ ਬਹੁਤ ਉਪਕਾਰ ਦਾ ਕੰਮ ਹੁੰਦਾ ਹੈ। ਰਣਜੀਤ ਸਿੰਘ ਦਾ ਪਿਤਾ ਮਰ ਗਿਆ ਹੈ। ਇਹ ਅਯਾਣਾਂ ਬਾਲ ਹੈ। ਇਹਨੂੰ ਧੀਰਜ ਦੇਣਾ ਤੇ ਇਹਦੀ ਰਖਿਆ ਕਰਨੀ ਤੁਸਾਡਾ ਧਰਮ ਹੈ। ਇਹਨੂੰ ਰਾਜਨੀਤੀ ਸਿਖ ਕੇ ਰਾਜ ਪ੍ਰਬੰਧ ਕਰਣ ਦੇ ਯੋਗ ਬਨਾਉਣਾਂ ਇਹਦੇ ਉਤੇ ਅਤੇ ਪਰਜਾ ਉਤੇ ਵੀ ਪ੍ਰਉਪਕਾਰ ਕਰਨਾ ਹੈ। ਐਸਾ ਕਰਣ ਨਾਲ ਇਹ ਤੁਸਾਡਾ ਹਰ ਤਰ੍ਹਾਂ ਅਦਬ ਰਖੇਗਾ ਤੇ ਅਨੁਸਾਰੀ ਹੋ ਕੇ ਰਹੇਗਾ। ਫੇਰ ਜੇਕਰ ਤੁਸੀਂ ਸਾਰੇ ਇਕੱਤ੍ਰ ਹੋ ਜਾਵੋ ?' ਤਾਂ ਦੁਸ਼ਮਣਾਂ ਉਤੇ ਛੇਤੀ ਹੀ ਕਾਬੂ ਪਾ ਕੇ ਸੁਖ ਦਾ ਰਾਜ ਕਰ ਸਕਦੇ ਹੋ। ਸਾਡੀ ਇਹ ਖਾਹਸ਼ ਹੈ ਪ੍ਰਵਾਨ ਕਰੀਏ ਤੇ ਫੁਰਮਾਈਏ ?

ਬਾਬਾ ਜੀ ਅਜੇ ਕੁਝ ਹੋਰ ਕਹਿਣਾਂ ਹੀ ਚਾਹੁੰਦੇ ਸਨ, ਪਰ ਰੋਕਾ ਪਾ ਕੇ ਇਹ ਆਏ ਹੋਏ ਇਕ ਜ਼ਬਾਨ ਹੋ ਕੇ ਬੋਲ ਉਠੇ—ਬਾਬਾ ਜੀ ! ਇਹ ਆਪ ਜੀ ਕੀ ਕਹਿੰਦੇ ਹੋ ? ਸਾਡਾ ਦੁਸ਼ਮਣ ਤਾਂ ਇਸ ਵੇਲੇ ਇਕੋ ਇਹੋ ਹੈ ਅਤੇ ਇਸ ਨੂੰ ਮੁਕਾਏ ਬਿਨਾਂ ਅਸੀਂ ਨਹੀਂ ਛੱਡ ਸਕਦੇ, ਐਸਾ ਕੌਣ ਮੂਰਖ ਹੈ ? ਜੋ ਹੱਥ ਆਏ ਦੁਸ਼ਮਣ ਨੂੰ ਛੱਡ ਦੇਵੇ ? ਇਹ ਤਾਂ ਬਿਧਾਤਾ ਦੀ ਮੇਹਰਬਾਨੀ ਹੈ ਜੋ ਮਹਾਂ ਸਿੰਘ ਦੀ ਮੌਤ ਹੋਈ, ਤੇ ਸਾਡੇ ਸਿਰੋਂ ਬਲਾ ਟਲੀ ਹੈ। ਉਹਦੇ ਪੁਤਰ ਨੂੰ ਹੁਣ ਨਹੀਂ ਛੱਡ ਸਕਦੇ।

ਇਸ ਤਰ੍ਹਾਂ ਦੀ ਇਹਨਾਂ ਸਰਦਾਰਾਂ ਦੀ ਨੀਯਤ ਖੋਟੀ ਦੇਖ ਕੇ ਬਾਬਾ ਜੀ ਨੇ ਤਿੰਨ ਵੇਰ ਬਚਨ ਕੀਤਾ—ਕਿ ਹੋਸ਼ ਵਿਚ ਆਵ, ਅਤੇ ਇਸ ਦੀ ਬਾਂਹ ਫੜੋ ! ਵੈਰ ਵਧਾਣਾ ਠੀਕ ਨਹੀਂ ਹੈ। ਪਰ ਸਰਦਾਰਾਂ ਨੇ ਇਕ ਨਾ ਮੰਨੀ ਤੇ ਸਾਰੇ ਬਚਨ ਉਲਟਾਇ ਦਿਤੇ। ਤਦ ਸ੍ਰੀ ਬਾਬਾ ਜੀ ਨੇ ਜੋਸ਼ ਵਿਚ ਆ ਕੇ ਇਉਂ ਫੁਰਮਾਇਆ—

'ਤੁਸੀਂ ਰਾਜਨੀਤੀ ਨੂੰ ਨਹੀਂ ਸਮਝਦੇ, ਅੰਮ੍ਰਿਤ ਫਲ ਤਿਆਗ ਕੇ ਅੱਕ ਦਾ ਫਲ ਖਾਣਾ ਚਾਹੁੰਦੇ ਹੋ ? ਇਹ ਤੁਹਾਡੇ ਪੇਟ ਪੀੜ ਪੈਦਾ ਕਰੇਗਾ। ਜਿਹਨੂੰ ਮਾਰਣਾਂ ਚਾਹੁੰਦੇ ਹੋ ਉਸਦਾ ਸਦਾ ਸਤਿਗੁਰੂ ਰਾਖਾ ਹੈ, ਪਰ ਤੁਸੀਂ ਆਪੇ ਮਾਰੇ ਜਾਓਗੇ। ਜਦੋਂ ਇਸਦੇ ਪ੍ਰਤਾਪ ਦਾ ਸੂਰਜ ਚਮਕੇਗਾ ਤਾਂ ਤੁਸੀਂ ਤਾਰਿਆਂ ਦੀ ਤਰ੍ਹਾਂ ਲੋਪ ਹੋ ਜਾਓਗੇ, ਅਤੇ ਤੁਸਾਡੀ ਸੰਤਾਨ ਇਸ ਦੀ ਚਾਕਰੀ ਲਭੇਗੀ। ਤੁਸੀਂ ਇਸ ਲਾਇਕ ਨਹੀਂ, ਜੋ ਦੇਸ ਦਾ ਰਾਜ ਕਰ ਸਕੋ ! ਕਿਉਂਕਿ ਠੰਡੇ ਦੁੱਧ ਨੂੰ ਫੂਕਾਂ ਮਾਰਦੇ ਹੋ।' ਫੇਰ ਐਸਾ ਗੁਰੂ ਵਾਕ ਸੁਣਾਇਆ—

ਜਾਂਮਿ ਗੁਰੂ ਹੋਇ ਵਲਿ ਧਨਹਿ ਕਿਆ ਗਾਰਵੁ ਦਿਜਇ।
ਜਾਂਮਿ ਗੁਰੂ ਹੋਇ ਵਲਿ ਲੱਖ ਬਾਹੇਂ ਕਿਆ ਕ੍ਰਿਜਇ।
(ਗੁਰੂ ਗਰੰਥ ਸਾਹਿਬ)

ਇਸ ਪ੍ਰਕਾਰ ਦੇ ਬੀਰ ਰਸ ਭਰੇ ਬਚਨ ਕਰਦਿਆਂ ਸ੍ਰੀ ਬਾਬਾ ਜੀ ਨੇ ਰਣਜੀਤ ਸਿੰਘ ਨੂੰ ਬਾਹੋਂ ਫੜ ਪਾਸ ਬਹਾਇਆ ਤੇ ਫਰਮਾਇਆ—

ਬੇਟਾ ! ਸਨਮੁਖ ਹੋ ਕੇ ਬੈਠ ਜਾ, ਬਦਲਾਂ ਦੀਆਂ ਘੱਟਾ ਛਾ ਜਾਣ ਸਮੇਂ ਕੁਝ ਚਿਰ ਲਈ ਸੂਰਜ ਜ਼ਰੂਰ ਢੱਕਿਆ ਜਾਂਦਾ ਹੈ, ਪਰ ਓੜਕ ਨੂੰ ਪੜਦੇ ਪਾੜ ਕੇ ਚਮਕਦਾ ਹੈ।

ਇਹ ਆਖ ਕੇ ਪਿੱਠ ਉਤੇ ਥਾਪੀ ਦਿਤੀ, ਅਤੇ ਅਪਣੇ ਗਲੇ ਤੋਂ ਸੋਨੇ ਦਾ ਹਾਰ ਕੈਂਠਾ ਲਾਹ ਸ. ਰਣਜੀਤ ਦੇ ਗਲ ਪਾਇਆ, ਤੇ ਫੇਰ ਇਉਂ ਫੁਰਮਾਇਆ—'ਸਾਰੇ ਗਸਿਣੇ ਭੰਨ ਕੇ ਇਕ ਹੰਸ ਘੜਾਇਆ' ਨਾਲੇ ਵਰ ਦਿਤਾ—'ਬੇਟਾ ! ਤੇਰੇ ਅਗੇ ਜੋ ਅੜੇਗਾ-ਝੜੇਗਾ, ਜੋ ਸਰਣ ਪਏਗਾ, ਈਨ ਮੰਨੇਗਾ ਸੋ ਤਰੇਗਾ। ਦੇਰ ਨਹੀਂ ਜੋ ਸਾਰੇ ਰਾਜੇ ਰਾਣੇ ਤੇਰੇ ਸਲਾਮੀ ਹੋਣਗੇ ? ਤੂੰ ਪੰਜਾਬ ਦਾ ਬਾਦਸ਼ਾਹ ਹੋਵੇਂਗਾ।'

ਇਹ ਬਚਨ ਸੁਣ ਕੇ ਰਣਜੀਤ ਸਿੰਘ ਦੇ ਮਨ ਨੂੰ ਢਾਰਸ ਬੱਝੀ ਅਤੇ ਰਾਣੀ ਨੂੰ ਵੀ ਸ਼ਾਂਤ ਆਈ, ਪਰ ਪਾਸ ਬੈਠੇ ਸਰਦਾਰ ਬਹੁਤ ਕਲਪੇ ਤੇ ਕਰੋਧ ਨਾਲ ਭਰੇ ਹੋਏ ਕੁਝ ਬੋਲ ਨ ਸਕੇ। ਇਨਾਂ ਦਾ ਵਸ ਚਲਦਾ ਤਾਂ ਰਣਜੀਤ ਸਿੰਘ ਨੂੰ ਹੁਣ ਹੀ ਫੜ ਲੈਂਦੇ, ਪਰ ਜਾਣਦੇ ਸਨ, ਕਿ ਐਸਾ ਕਰਣ ਨਾਲ ਬਾਬਾ ਜੀ ਦੇ ਜਵਾਨਾਂ ਨੇ ਜੀਉਂਦ ਜੀ ਕਿਸੇ ਨੂੰ ਵੀ ਪਿੱਛੇ ਜਾਣ ਨਹੀਂ ਦੇਣਾਂ ਹੈ ! ਇਹ ਕੁੜ੍ਹਦੇ ਰਹੇ ਤੇ ਬੁੜ ਬੁੜ ਕਰਦੇ ਚਲੇ ਗਏ।

## ਸ੍ਰੀ ਨਨਕਾਣੇ ਸਾਹਿਬ ਦੀ ਯਾਤਰਾ, ਅਤੇ ਜਨਮ ਅਸਥਾਨ ਦੇ ਲੰਗਰ ਲਈ ਜਗੀਰਦਾਰਾਂ ਪੱਟੇ ਕਰਾਣੇ

ਰਸਨਾਂ ਕਰਕੇ ਵਰਦਾਨ, ਦਿੰਦੇ ਹੋਇਆਂ, ਅਤੇ ਆਏ ਹੋਇ ਦੁਸ਼ਮਣਾਂ ਦੀਆਂ ਕੁਟਲ ਚਾਲਾਂ ਨੂੰ ਨੰਗਾ ਕਰਕੇ ਬਾਬਾ ਜੀ ਨੇ ਦੁਸ਼ਮਣਾਂ ਦੀ ਪੇਸ਼ ਨ ਜਾਣ ਦਿਤੀ ਸੀ, ਇਸ ਗਲ ਦਾ ਪ੍ਰਭਾਵ, ਮਾਂ ਪੁਤ ਦੋਹਾਂ ਦੇ ਦਿਲਾਂ ਉਤੇ ਬਹੁਤ ਪਿਆ ਸੀ। ਇਹਨਾਂ ਨੂੰ ਬਾਬਾ ਜੀ ਤੋਂ ਬਿਨਾਂ ਦੂਜਾ ਕੋਈ ਸਰੀਰ ਧਾਰੀ ਸਹਾਇਕ ਇਸ ਸਮੇਂ ਨਹੀਂ ਦਿਸਿਆ ਸੀ। ਤਦੇ ਇਹ ਬਾਬਾ ਜੀ ਪਾਸ ਆਏ, ਅਤੇ ਬਾਬਾ ਜੀ ਨੇ ਵੀ ਕੁਝ ਸਮੇਂ ਲਈ ਇਨ੍ਹਾਂ ਨੂੰ ਗੁਜਰਾਂਵਾਲੇ ਜਾਣ ਥੀਂ ਰੋਕ ਦਿਤਾ ਅਤੇ ਅਪਣੇ ਪਾਸ ਹੀ ਰਖਿਆ ਸੀ। ਜਿਨ ਤੋਂ ਪ੍ਰਭਾਵਤ ਹੋ ਕੇ ਕਈ ਵੇਰ ਰਾਣੀ ਰਾਜ ਕੌਰ ਨੇ ਸ੍ਰੀ ਬਾਬਾ ਸਾਹਿਬ ਸਿੰਘ ਜੀ ਦਾ ਧੰਨਵਾਦ ਕਰਦਿਆਂ ਬੇਨਤੀ ਕੀਤੀ-ਕਿ ਮਹਾਰਾਜ ਜੀਉ ! ਸਰਦਾਰ ਜੀ ਦੀ ਮੱਲ ਮਾਰੀ ਹੋਈ ਬਹੁਤ ਭਾਰੀ ਜਗੀਰ ਪਈ ਹੈ, ਤੇ ਰਣਜੀਤ ਸਿੰਘ ਨੂੰ ਨਿਰਬਲ ਅਯਾਣਾਂ ਜਾਣ ਕੇ ਬਹੁਤੇ ਦੋਖੀ ਐਵੇਂ ਹੀ ਦਬਾਂਦੇ ਜਾ ਰਹੇ ਹਨ। ਕੁੱਝ ਜਾਗੀਰ ਜੇਹੜੀ ਵੀ ਪਸੰਦ ਹੋਵੇ ਆਪ ਲੈ ਸਕਦੇ ਹੋ। ਤਾਂ ਬਾਬਾ ਜੀ ਨੇ ਮੁਸਕਰਾ ਕੇ ਆਖਿਆ—ਭੋਲੀਏ ! ਇਹ ਗਲ ਫਰ ਨ ਆਖੀਂ ! ਜਿਹੜੀਆਂ ਜਾਗੀਰਾਂ ਲੋਕਾਂ ਨੇ ਦਬਾਈਆਂ ਹਨ, ਉਹ ਸਮਾਂ ਨੇੜੇ ਹੀ ਹੈ ਕਿ ਤੇਰਾ ਪੁਤਰ ਮੋੜ ਲਏਗਾ। ਸਾਡੀ ਸੇਵਾ

ਦਾ ਅਜੇ ਬਹੁਤ ਸਮਾਂ ਹੈ, ਜਦੋਂ ਇਹ ਰਾਜ ਭਾਗ ਵਿਚ ਵਰਤੇਗਾ, ਪਿਆ ਕਰੇਗਾ। ਹਾਂ— ਹੁਣ ਇਹਦੇ ਪਾਸੋਂ 'ਬਾਬਾ ਨਾਨਕ' ਦੇ ਦਰ ਦੀ ਸੇਵਾ ਜ਼ਰੂਰ ਕਰਾਣੀ ਹੈ ਜਿਹਦੀ ਕਿਰਪਾ ਨਾਲ ਇਹਦੀ ਸਹਇਤਾ ਹੋਈ ਤੇ ਬਲਾ ਟਲੀ ਹੈ। ਇਉਂ ਆਖ ਕੇ ਆਪ ਨੇ ਸ੍ਰੀ ਨਨਕਾਣੇ ਸਾਹਿਬ ਵਲ ਚਾਲੇ ਪਾ ਲੈਣ ਦੀ ਤਿਆਰੀ ਕੀਤੀ। ਰਾਮ ਨਗਰ ਵਾਸੀਆਂ ਨੂੰ ਉਨ੍ਹਾਂ ਦੀ ਸੇਵਾ ਘਾਲ ਬਦਲੇ ਬੇਅੰਤ ਅਸੀਸਾਂ ਦਿੰਦੇ ਹੋਏ ਆਪ ਜੀ ਨੇ ਚਾਲੇ ਪਾ ਦਿਤੇ, ਅਤੇ ਸਰਦਾਰ ਰਣਜੀਤ ਸਿੰਘ ਤੇ ਇਨ੍ਹਾਂ ਦੀ ਮਾਤਾ ਰਾਣੀ ਰਾਜ ਕੌਰ ਸਣੇ ਸ੍ਰੀ ਨਨਕਾਣਾ ਸਾਹਿਬ ਆ ਨਿਵਾਸ ਕੀਤਾ।

ਸ੍ਰੀ ਨਨਕਾਣੇ ਸਾਹਿਬ ਪੁੱਜ ਕੇ ਸ੍ਰੀ ਬਾਬਾ ਜੀ ਨੇ 'ਗੁਰੂ ਨਾਨਕ ਦਰਬਾਰ' ਸ੍ਰੀ ਜਨਮ ਅਸਥਾਨ' ਅਤੇ ਇਸੇ ਤਰ੍ਹਾਂ ਸਰਬੱਤ ਗੁਰ ਅਸਥਾਨਾਂ ਦੇ ਦਰਸ਼ਨ ਪਾਏ, ਕੜਾਹ ਪ੍ਰਸ਼ਾਦ ਅਤੇ ਬੇਅੰਤ ਭੇਟਾ ਅਰਪਨ ਕੀਤੀਆਂ। ਗੁਰਦਵਾਰਿਆਂ ਦੀ ਟੁੱਟੀ ਫੁੱਟੀ ਹਾਲਤ ਤੇ ਲੰਗਰ ਦਾ ਸੱਚੁਜਾ ਪ੍ਰਬੰਧ ਨ ਦੇਖ ਕੇ ਸ੍ਰੀ ਬਾਬਾ ਜੀ ਨੇ ਰਣਜੀਤ ਸਿੰਘ ਤੇ ਉਸ ਦੀ ਮਾਤਾ ਨੂੰ ਆਖਿਆ—ਬੇਟਾ ਇਥੇ ਸੇਵਾ ਦੀ ਲੋੜ ਹੈ, ਤੇ ਇਥੋਂ ਦੀ ਕੀਤੀ ਸੇਵਾ ਸਫਲ ਹੈ। ਇਉਂ ਬਾਬਾ ਜੀ ਬਚਨ ਕਰ ਹੀ ਰਹੇ ਸਨ, ਸਰਦਾਰ ਰਣਜੀਤ ਸਿੰਘ ਨੇ ਚਰਨ ਫੜ ਬੇਨਤੀ ਕੀਤੀ—

ਮਹਾਰਾਜ ! ਆਪ ਅੰਮ੍ਰਿਤ ਵੇਲੇ ਘੋੜੇ ਤੇ ਸਵਾਰ ਹੋ ਕੇ ਦੁਪਹਿਰੇ ਮੁੜ ਅਰਾਮ ਕਰਨ ਤੀਕ ਜਿਤਨੀ ਜ਼ਮੀਨ ਦੇ ਅੱਗੇ ਪਿੱਛੇ ਚਰਣ ਪਾਕੇ ਪਵਿਤਰ ਕਰ ਸਕੋ ਤੇ ਨਿਸ਼ਾਨ ਦਿਉਗੇ, ਉਹ ਗੁਰੂ ਕੀ ਜਾਗੀਰ ਹੀ ਰਹੇਗੀ। ਸ੍ਰੀ ਬਾਬਾ ਜੀ ਨੇ ਇਸੇ ਤਰ੍ਹਾਂ ਕੀਤਾ ਅਤੇ ਸ੍ਰੀ ਜਨਮ ਅਸਥਾਨ ਦੇ ਨਾਮ ਪੱਟਾ ਕਰਾ ਦਿਤਾ। ਇਹ ਇਲਾਕਾ ਸਰਦਾਰ ਮਹਾਂ ਸਿੰਘ ਦੇ ਰਾਜ ਹੇਠ ਦਾ ਸੀ ਜਿਸ ਦਾ ਕਿ ਅਰਦਾਸਾ ਸੋਧਿਆ ਗਿਆ ਸੀ।

## ਭਾ: ਬਾਲਾ ਜੀ ਦੇ ਖੂਹ ਦੀ ਨਵੀਂ ਚਿਨਾਈ ਕਰਾਈ

'ਸ੍ਰੀ ਨਨਕਾਣੇ ਸਾਹਿਬ' ਜਨਮ ਅਸਥਾਨ ਗੁਰੂ ਕੇ ਲੰਗਰ ਲਈ ਇਤਨੀ ਭਾਰੀ ਜਾਗੀਰ ਦਾ ਪੱਟਾ ਹੋਨਾਂ ਸੁਣ ਕੇ ਸਮੂਹ ਸੰਤਾਂ ਮਹੰਤਾਂ ਸੰਗਤਾਂ ਅਤੇ ਪੁਜਾਰੀਆਂ ਤਾਂਈਂ ਬੇਅੰਤ ਖੁਸ਼ੀ ਹੋਈ। ਸ੍ਰੀ ਬਾਬਾ ਜੀ ਦੇ ਇਸ ਉਦਮ ਤੇ ਪ੍ਰਸੰਨ ਹੋ ਕੇ ਸਭਨਾਂ ਨੇ ਮਿਲ ਕੇ ਬਾਬਾ ਜੀ ਦੀ ਹਾਜ਼ਰੀ ਭਰੀ ਤੇ ਵਧਾਈ ਦਿਤੀ। ਭਾਰੀ ਦੀਵਾਨ ਸੱਜ ਗਿਆ ਤੇ ਸ਼ਬਦ ਕੀਰਤਨ ਦੀ ਧੁੰਨਕਾਰ ਨੇ ਸੰਗਤ ਨੂੰ ਕਰਤਾਰ ਦੇ ਰੰਗ ਵਿਚ ਜੋੜ ਦਿਤਾ। ਭੋਗ ਤੋਂ ਉਪਰੰਤ ਹਜ਼ੂਰ ਨੇ ਐਸਾ ਫੁਰਮਾਇਆ—

ਹੇ ਗੁਰੂ ਕੀ ਸੰਗਤ ! ਬਾਬੇ ਨਾਨਕ ਜੀ ਨੇ ਧਰਤੀ ਉਤੋਂ ਪਾਪਾਂ ਦਾ ਭਾਰ ਦੂਰ ਕਰਨ ਲਈ ਅਵਤਾਰ ਧਾਰਣ ਕੀਤਾ ਸੀ। ਉਹਨਾਂ ਨੇ ਨਾਨਾ ਪ੍ਰਕਾਰ ਦੀ ਬਾਲ ਲੀਲ੍ਹਾ ਤੋਂ ਉਪਰੰਤ ਦੇਸ਼ਾਂਤਰਾਂ ਵਿਚ ਜਾ ਕੇ ਸਤਿਨਾਮ ਦਾ ਚੱਕਰ ਚਲਾਇਆ ਤੇ ਪ੍ਰਮੇਸ਼ਵਰ ਤੋਂ ਭੁੱਲੇ ਭਟਕਿਆਂ ਨੂੰ ਉਹਦੇ ਰਾਹੇ ਪਾਇਆ ਸੀ। ਇਸ ਸਾਰੇ ਯਤਨ ਵਿਚ ਭਾਈ ਬਾਲਾ ਜੀ ਅਨਿੰਨ ਸੇਵਾ ਭਗਤੀ ਕਮਾਈ। ੩੦ ਸਾਲ ਸ੍ਰੀ ਨਾਨਕ ਬਾਬੇ ਦਾ ਸਾਥ ਦਿਤਾ। ਇਥੇ ਭਾਈ ਬਾਲੇ ਦੀ ਯਾਦ ਵਿਚ ਉਸ ਦੇ ਨਾਮ ਦਾ ਜੋ ਖੂਹ ਹੈ—ਡਿੱਗਾ ਪਿਆ ਤੇ ਧਰਤੀ ਵਿਚ ਦਬਿਆ ਜਾ

ਚੁਕਾ ਹੈ। ਉਹਦੀ ਯਾਦ ਨੂੰ ਮੁੜ ਨਵੇਂ ਸਿਰੇਂ ਪ੍ਰਗਟ ਕਰਣ ਲਈ ਦੁਬਾਰਾ ਖੂਹ ਚਿਨਾਈ ਦੀ ਲੋੜ ਹੈ, ਤੁਸਾਡੇ ਉਦਮ ਨਾਲ ਹੋਣੀ ਚਾਹੀਏ।

ਇਹ ਬਚਨ ਸੁਣ ਕੇ ਸਾਰਿਆਂ ਨੇ ਪ੍ਰਵਾਨ ਕੀਤਾ ਅਤੇ ਥਾਂਉਂ ਲੱਭ ਕੇ ਉਸੇ ਦਿਨ ਸੇਵਾ ਨੂੰ ਅਰੰਭ ਕਰਾ ਦਿਤਾ। ਪਹਿਲਾ ਟੱਕ, ਬਾਬਾ ਜੀ ਨੇ ਅਪਣੇ ਹੱਥੀਂ ਲਾਇਆ ਤੇ ਫਿਰ ਉਤਸ਼ਾਹ ਵਿਚ ਭਰੀ ਹੋਈ ਸੰਗਤ ਨੇ ਮਿੱਟੀ ਪੁਟਣੀ ਸ਼ੁਰੂ ਕਰ ਦਿਤੀ, ਥੋੜ੍ਹੇ ਦਿਨਾਂ ਵਿਚ ਹੀ ਖੁਦਾਈ ਪੂਰੀ ਕਰ ਲਈ ਸੀ। ਇਹ ਖੁਦਾਈ ਕਰਦਿਆਂ ਪਿਤਲ ਦਾ ਇਕ ਕਰਮੰਡਲ' ਦੋ 'ਗੜਵੇ' ਜਿਨ੍ਹਾਂ ਉਤੇ ਗੁਰਮੁਖੀ ਅੱਖਰਾਂ ਵਿਚ 'ਸ੍ਰੀ ਨਾਨਕ' 'ਸ੍ਰੀ ਨਾਨਕ' ਲਿਖਿਆ ਸੀ, ਅਤੇ ਦੋ ਪੱਥਰ ਦੀਆਂ ਮੂਤਰਾਂ ਨਿਕੀਲਆਂ। ਉਪ੍ਰੰਤ ਪ੍ਰੇਮੀਆਂ ਦੇ ਹੱਥੋਂ ਨਵੀਂ ਇੱਟਾਂ ਦੀ ਚਿਨਾਈ ਅਰੰਭ ਕਰਾ ਕੇ ਆਪ ਨੇ ਚਾਲੇ ਪਾ ਦਿਤੇ। ਇਹ ਭਾਈ ਬਾਲੇ ਜੀ ਦੇ ਨਾਮ ਦਾ ਖੂਹ ਹੁਣ ਤੀਕ ਨਨਕਾਣੇ ਸਾਹਿਬ ਵਿਚ ਮੌਜੂਦ ਹੈ।

ਸ੍ਰੀ ਨਨਕਾਣੇ ਸਾਹਿਬ ਤੋਂ ਚਾਲੇ ਪਾ ਕੇ ਕਈ ਥਾਂਈਂ ਮੁਕਾਮ ਕਰਦੇ ਬਾਬਾ ਜੀ ਨੰਗਲ ਗ੍ਰਾਮ ਵਿਚ ਆਏ ਨਿਵਾਸ ਕੀਤਾ ਅਤੇ ਸ: ਰਣਜੀਤ ਸਿੰਘ ਤੇ ਉਨ੍ਹਾਂ ਦੀ (ਰਾਣੀ ਰਾਜ ਕੌਰ) ਮਾਤਾ ਆਪਣੇ ਨਗਰ ਗੁਜਰਾਂਵਾਲੇ ਨੂੰ ਗਏ।

--

# ਬਰਸੀ ਜਗਤ ਮਾਤਾ ਹਰਜਿੰਦਰ ਕੌਰ ਜੀ

# ਊਨਾ ਸਾਹਿਬ ਵਿਖੇ

13-9-78 ਨੂੰ ਸ੍ਰੀ ਜਗਤ ਮਾਤਾ ਜੀ ਮਹਲ ਸ੍ਰੀ ਹਜ਼ੂਰ ਜੀ ਨੇ
ਸਤਗੁਰੂ ਦੇ ਚਰਨਾਂ ਵਿਚ ਜਾ ਨਿਵਾਸ ਕੀਤਾ।
ਆਪ ਦੀ ਬਰਸੀ 5-8-79 ਐਤਵਾਰ ਨੂੰ
5 ਅਖੰਡ ਪਾਠਾਂ ਦੀ ਸਮਾਪਤੀ ਨਾਲ

# ਊਨਾ ਸਾਹਿਬ ਵਿਖੇ

ਮਨਾਈ ਜਾ ਰਹੀ ਹੈ। ਸਮਾਧੀ ਕਾਇਮ ਕੀਤੀ ਜਾਣੀ ਹੈ।
ਸੰਗਤਾਂ ਪੁਜਕੇ ਭੰਡਾਰੇ ਵਿਚ ਸ਼ਾਮਲ ਹੋਣ ਤੇ ਗੁਰੂ ਦੀਆਂ
ਖੁਸ਼ੀਆਂ ਪ੍ਰਾਪਤ ਕਰਨ।

# ਸੂਚਕ ਪ੍ਰਸੰਗ ਗੁਰੂ ਕਾ

## ਭਾਈ ਬਹਿਲੋ ਜੀ

ਗੁਰ ਅੰਗਦ ਪਹ ਬਾਲਾ ਆਇਆ, ਜਨਮ ਪ੍ਰਸੰਗੁ ਸੁ ਭਾਖ ਸੁਨਾਇਆ ।
ਬਾਲ ਖੇਲ ਪੁਨ ਕਥਾ ਸੁਨਾਈ, ਦਿਵਯਾ ਪੜ੍ਹਨ ਕਥਾ ਪੁਨ ਗਾਈ ॥੧॥

ਰਾਇ ਬੁਲਾਰੈ ਪਰਚਾ ਪਾਯੋ । ਤੁਰ ਛਾਯਾ ਮਾਹਿ ਪੁਨ ਫਨ ਛਾਯੋ ।
ਖੇਤ ਚਰਾ ਗਊ ਫੇਰ ਜਮਾਯਾ, ਬੀਸ ਰੁਪੈਯੇ ਸੌਦੇ ਧਾਯਾ ॥੨॥

ਸੰਤ ਰੇਨ ਬਨ ਮਹਿ ਤਬ ਪਾਏ, ਬਾਲੇ ਤੇ ਲੈ ਬੀਸ ਖੁਲਾਏ ।
ਕਾਲੂ ਪਿਤਾ ਬੈਦੂ ਲੈ ਆਇਆ, ਜੈ ਰਾਮ ਨਾਨਕੀ ਸੇ ਪ੍ਰਨਾਇਆ ॥੩॥

ਗੜਵਾ ਛਾਪ ਸਾਧ ਕੋ ਦਈ, ਗੋਨੇ ਫਿਰ ਬੇਬੇ ਜੀ ਗਈ ।
ਸੁਲਤਾਨਪੁਰ ਨਾਨਕ ਨਿਰੰਕਾਰੀ, ਮੋਦੀ ਖਾਨਾ ਲੀਯੋ ਸੰਭਾਰੀ ॥੪॥

ਫੇਰ ਨਾਨਕ ਕੀ ਕੁੜਮਾਈ ਹੋਈ, ਚੜੀ ਜੰਞ ਪ੍ਰਨਾਏ ਸੋਈ ।
ਦੂਲੋ ਦੁਲਹਨ ਦੋਨ ਆਏ, ਪੁਰ ਸੁਲਤਾਨੇ ਮਾਹਿ ਰਹਾਏ ॥੫॥

ਬੇਈ ਮਹਿ ਅਠ ਬਾਸਰ ਰਹੇ, ਖੋਜੇ ਖਾਨ ਸੋ ਪਾਏ ਨਹੇ ।
ਬਹੁਰੋ ਬੇਠੇ ਦੇਖੇ ਨਾਥ, ਅਬਗਤ ਜਾਨ ਨਵਾਯੋ ਮਾਥ ॥੬॥

ਲੇਖਾ ਕੀਨਾ ਦੇਨਾ ਆਇਆ, ਦੌਲਤ ਖਾਨ ਖੁਦਾਇ ਠਹਰਾਇਆ ।
ਪੰਡਤ ਸੇਤੀ ਚਰਚਾ ਕਰੀ, ਸਾ ਮੇ ਜਾਨਯੋ ਪੂਰਨ ਹਰੀ ॥੭॥

ਮੁਲਾਂ ਕੋ ਨੀ ਪਰਚਾ ਦੀਆ, ਮੈਂ ਪਰਮੇਸਰ ਭੂਤ ਨ ਬੀਆ ।
ਕਾਜੀ ਖਾਨ ਨਿਮਾਜ ਪੜ੍ਹਾਈ, ਘੋੜੀ ਘੋੜੇ ਤਾਂਹ ਲਖਾਈ ॥੮॥

ਤਜ ਗ੍ਰਿਹੁ ਫੇਰ ਭਏ ਨਿਰਬਾਨ, ਮੂਲੇ ਕੀਨੀ ਚਰਚਾ ਆਣ ।
ਮਰਦਾਨਾ ਕਾਲੂ ਪਠਿਓ ਸੁਧਿ ਲੇਨ । ਫਿਰੰਦੇ ਤੇ ਰਬਾਬ ਲਿਯੋ ਸੁਖਦੇਨ ॥੯॥

ਚਲਾ ਮਰਦਾਨਾ ਹੋਇ ਉਦਾਸਾ, ਜੈ ਰਾਮਹ ਰਾਖਾ ਦੇਇ ਦਿਲਾਸਾ ।
ਲਾਲੋ ਕੇ ਰਹੇ ਏਮਨਾਬਾਦ, ਭਾਗੂ ਕੋ ਲੀਯੋ ਪ੍ਰਸਾਦ ॥੧੦॥

ਤਾਂ ਕੀ ਲੂਚੀ ਲੋਹੂ ਚੋਆ । ਲਾਲੋ ਰੋਟੀ ਦੂਧ ਬਿਲੋਆ ।
ਤਿਲਵੰਡੀ ਬਾਬਾ ਮਰਦਾਨਾ ਗਏ, ਰਾਇ ਬੁਲਾਰ ਅਤੇ ਪ੍ਰੀਤਮ ਭਏ ॥੧੧॥

ਲਾਲੋ ਤੇ ਹੋ ਬਿਦਾ ਸਿਧਾਯਾ; ਸਿਧੋਂ ਕੀ ਬਸਤੀ ਮਹਿ ਆਯਾ ।
ਮਰਦਾਨਾ ਪੋਟ ਬਾਂਧ ਲੈ ਆਯੋ, ਸਜਣੁ ਠਗੁ ਪੁਨ ਆਨ ਤ੍ਰਾਯੋ ॥੧੨॥

ਇਬਰਾਹੀਮ ਸੋਂ ਚਰਚਾ ਭਈ, ਪਠਾਨ ਕੀ ਪੁਨ ਬੰਦਤ ਪਈ ।
ਪੁਨ ਕਰੋੜੀ ਖਾਂ ਪੈਰੀ ਪਾਇਆ, ਕਰਤਾਰ ਪੁਰ ਆਇਆ ਦਇਆ ॥੧੩॥

ਪੁਨ ਬਨਜਾਰਾ ਬਨ ਮਹਿ ਮਿਲਿਆ । ਸਿਰੀ ਰਾਗ ਕਾ ਸਬਦੁ ਉਚਰਿਆ ।
ਸੁਲਤਾਨ ਭਇਆ ਹੋਲਾ ਦੇ ਪੀਰੁ, ਬਿਖੀ ਸਾਧ ਦੋਨੋ ਪਈ ਧੀਰੁ ॥੧੪॥
ਠੱਗੂ ਬਨ ਮੈ ਕੀਯੋ ਨਿਹਾਲ. ਸਿੱਧਮਤਾ ਨਾਨਕ ਮਤਾ ਕੀਯੋ ਦਯਾਲ ।
ਕਲ੍ਹੀ ਭਲੀ ਭਾਤ ਸਮਝਾਏ, ਭਲੇ ਬੁਰੇ ਉਜਾੜ ਬਸਾਏ ॥੧੫॥

ਸੇਖ ਫਰੀਦ ਦੇ ਪੱਟਣ ਆਯੇ ਮਰਦਾਨੇ ਕੋ ਬਿਖ ਫਲ ਸੁਧਾ ਖਾਵਾਯੇ ।
ਦੇਸੁ ਕਾਵਰੂ ਜੀਤਾ ਭਾਰੀ, ਕੀਟ ਰਾਜ ਕੀ ਕਥਾ ਉਚਾਰੀ ॥੧੬॥

ਰਾਜੇ ਸਿਵਨਾਭੇ ਪੂਰਨੁ ਪਾਯਾ, ਕੌਡਾ ਰਾਖਸੁ ਆਨ ਤ੍ਰਾਯਾ ।
ਸਾਲਸ ਰਾਇ ਅਧੂਕਾ ਤਾਰਾ, ਬਹੁਰੋ ਸਤਿਗੁਰ ਮੱਛ ਉਬਾਰਾ ॥੧੭॥

ਕਲ ਬਲਾਇ ਨਾਰਦ ਪੁਨ ਮੇਲਾ, ਪਾਖਰਜ ਝੰਡਾ ਕੀਆ ਸੁਹੇਲਾ ।
ਮਧਰ ਬੈਨ ਰਾਜਾ ਸਿਖੁ ਕੀਆ, ਜਲਚਰ ਕੋ ਪੁਨ ਦਰਸਨੁ ਦੀਆ ॥੧੮॥

ਦੇਵਲੂਤ ਕੋ ਦੀਨਾ ਪਰਚਾ, ਪੁਨ ਬਨਮਾਣੂ ਪਾਯੋ ਦਰਸਾ ।
ਖੁਸੀ ਫੇਰ ਮਰਦਾਨਾ ਕੀਨਾ, ਪਾਹਿ ਦਿਖਾਯੋ ਮੱਕਾ ਮਦੀਨਾ ॥੧੯॥

ਬੇਬੇ ਕੋ ਦਰਸਨੁ ਪੁਨ ਦੀਯੋ, ਏਕ ਪਲਕ ਮੈਂ ਬਿਲਮ ਨ ਕੀਯੋ ।
ਕਮਲ ਨੈਨ ਕੇ ਦੇਸ ਸਿਧਾਏ, ਤਾਂ ਤੇ ਬਹੁ ਸੁਮੇਰ ਚਢ਼ਾਏ ॥੨੦॥

ਸਿੱਧਾਂ ਸਿਉਂ ਤਹਿੰ ਕੀਨੀ ਚਰਚਾ, ਬਹੁਤ ਭਾਂਤ ਦੀਨੀ ਤਹਿ ਪਰਚਾ ।
ਪ੍ਰਹਲਾਦ ਧੰਰੂਹ ਸਚ ਖੰਡਿਹ ਗਏ ਦਰਸਨ ਕਰ ਫਿਰ ਆਵਤ ਭਏ ॥੨੧॥
ਸੰਲ ਸੈਲ ਕੋ ਦਰਸਨ ਦੀਨਾ, ਸੁਖ ਚੈਨ ਰਿਖੀ ਆਛਾ ਪੁਨ ਚੀਨਾ ।
ਮ੍ਰਿਤ ਲੋਕ ਆਇਆ ਗੁਰੁ ਭਾਰਾ, ਮਰਦਾਨੇ ਕਾ ਪੁਨ ਕੀਓ ਉਧਾਰਾ ॥੨੨॥

ਸੇਤ ਬੰਧ ਰਮੇਸਰ ਗਏ, ਗੋਰਖ ਸਿੱਧ ਸਣ ਮਿਲਤੇ ਭਏ ।
ਫੇਰ ਸਜਾਦਾ ਖੁਰਮੇ ਮਾਹੀ, ਗੱਦੀ ਪਤ ਕੀਨੇ ਗੁਰ ਤਾਂਹੀ ॥੨੩॥

ਅਲੀ ਯਾਰ ਨੂੰ ਬਲੀ ਬਨਾਯਾ, ਬਿਮਲ ਜੋਤ ਨੂੰ ਸੁਧ ਕਰਾਯਾ ।
ਮਾਣਕ ਚੰਦ ਕਾਬਲ ਬਿਚ ਤਾਰਾ, ਬਾਲ ਗੁਦਾਈਂ ਟਿਲੇ ਬਾਰਾ ॥੨੪॥

ਤਾਂ ਕੇ ਸੰਗ ਚਰਚਾ ਗੁਰ ਕਰੀ, ਤਾ ਨੇ ਜਾਨਾ ਨਾਨਕ ਹਰੀ ।
ਰੰਧਾਵੇ ਗਾਮ ਗੁਰੂ ਦੀ ਆਯਾ, ਮੂਲਾ ਬਸਤ੍ਰ ਲੈ ਕਰ ਧਾਯਾ ॥੨੫॥

ਤਹਾ ਅਜਿੱਤੇ ਜੋਗੁ ਕਮਾਯਾ, ਅਸਟ ਅੰਗ ਕਾ ਭੇਦ ਸੁ ਪਾਯਾ ।
ਸਤਿਗੁਰ ਫੇਰ ਗਏ ਕੁਰਖੇਤ੍ਰ, ਮਾਸ ਪ੍ਰਥਾਇ ਕਰੇ ਪ੍ਰਸਨੋਤਰ ॥੨੬॥

ਬ੍ਰਹਮ ਖਾਂਨ ਲੋਧੀ ਥੀ ਬਾਦਸਾਹੁ, ਤਾਂ ਪਰ ਬਾਬਰੁ ਕੀਨੇ ਸਾਹੁ ।
ਸੇਖੁ ਮਾਲੋ ਤਾਲਬੁ ਕਹਾਵੈ, ਲੈ ਪੂਕਾ ਸੋ ਲਾਗਾ ਪਾਵੈ ॥੨੭॥

ਉਮਰਾ ਖਾਨੁ ਭੀ ਦਾਸੁ ਬਨਾਯਾ, ਸੈਦ ਜਲਾਲੈ ਪਰਚਾ ਪਾਯਾ ।
ਗੁਰਮੁਖ ਮਨਮੁਖ ਦੋਨੋ ਜਾਨੈ, ਦਸ ਜਹਾਜ ਮੀਹੇ ਤੇ ਮਾਨੈ ।੨੮।

ਤਿਲਵੰਡੀ ਲਾਲੂ ਪਹ ਆਏ, ਬਾਲਾ ਗੁਰ ਅੰਗਦ ਪ੍ਰਤ ਗਾਏ ।
ਅਚਲ ਬਟਾਲੇ ਚਰਚਾ ਭਈ; ਸਿਧਨ ਕੀ ਸਕਤੀ ਹਰ ਲਈ ॥੨੯॥

ਐਸਾ ਸਾਹਬੁ ਦੀਨ ਦਯਾਲ, ਗਰਬ ਪ੍ਰਹਾਰੀ ਜਨ ਪ੍ਰਤਪਾਲ ।
ਤੈਨੇ ਕੈਸੇ ਲਯੋ ਰੀਝਾਇ, ਬਾਲਾ ਕਹ, ਗੁਰ ਮੋ ਕੋ ਗਾਇ ॥੩੦॥

ਮਹਾਰਾਜ ਅੰਗਦ ਗੁਰ ਪੂਰਾ, ਬੋਲਤ ਭਯੋ ਜਨਕ ਭਵ ਚੂਰਾ ।
ਘਾਸ ਕੀ ਸਾਖ ਪ੍ਰਿਥਮੈ ਗਾਈ, ਚੂਹੀ ਸਾਖੀ ਬਹੁਰ ਸੁਨਾਈ ।੩੧।

ਕਿੱਕਰ ਝੂਣੀ ਮੁਰਦਹ ਕਥਾ, ਕੀਚ ਕਟੋਰੇ ਕੀ ਕਹੀ ਤਥਾ ।
ਸੁਨ ਬਾਲਾ ਮਨ ਭਯੋ ਅਨੰਦ, ਔਰ ਸੁਨੋ ਸਸ ਭਾਨਹ ਨੰਦ ॥੩੨॥

ਰੈਨ ਅਰਧ ਬਾਸਰੁ ਕਰ ਮਾਨਾ, ਧੋਏ ਬਸਨ ਸੁਕਾਏ ਨਾਨਾ ।
ਸ੍ਰੀ ਗੁਰੂ ਮਹਾਰਾਜਾ ਤਨ ਜਬ ਹੀ, ਮੋ ਪੈ ਖੁਸ਼ੀ ਭਈ ਅਤ ਤਬ ਹੀ ॥੩੩॥

ਪੈਸੇ ਪੰਜ ਅਰੁ ਏਕ ਨਲੈਰ, ਧਰ ਸਿਰ ਨਾਯੋ ਮੇਰੇ ਪੈਰ ।
ਅਪਨਾ ਰੂਪ ਮੋਹ ਕੋ ਕੀਨਾ, ਸੁਨ ਭਾਈ ਬਾਲਾ ਪ੍ਰਬੀਨਾ ॥੩੪॥

ਸੁਨ ਕਰ ਬਾਬਾ ਭਯੋ ਪ੍ਰਸੰਨੰ, ਸੀਸ ਨਿਮਾਯੋ ਕਹ ਮੁਖੁ ਧੰਨੰ ।
ਮਰਦਾਨੇ ਕੋ ਗੁਰ ਦੀਨੋ ਦਾਗ, ਤੈਸੇ ਭੀ ਮੁਝ ਕਰ ਬਡ ਭਾਗ ॥੩੫॥

ਕੋਈ ਦਿਨ ਹੈ ਤੇਰੀ ਔਧ, ਗੁਰੂ ਬਤਾਏ ਅੰਤਰ ਸੋਧ ।
ਬਾਲੇ ਤਜਾ ਕਲੇਵਰ ਤਹਾਂ, ਪੁਰੀ ਖਡੂਰਹ ਪਾਵਨ ਮਹਾਂ ॥੩੬॥

ਭਲੀ ਮਰਜਾਦਾ ਅੰਗਦ ਨਾਥ, ਬਾਲੇ ਕੇ ਕ੍ਰਮ ਕੀਨੇ ਹਾਥ ।
ਸਬਦ ਕਥਾ ਚਰਚਾ ਹਰਿ ਜਨ ਕੀ, ਕਰੀ ਸੁ ਸੇਵ ਬਹੁਤ ਜਲ ਅੰਨ ਕੀ ॥੩੭॥

ਗੁਰੂ ਮੂਰਤ ਬਾਲਾ ਕਰ ਮਾਨਾ, ਪਰਮ ਜੋਤ ਕੇ ਮਾਹੂ ਸਮਾਨਾ ।
ਸਰਧਾ ਪੂਰਨ ਭਵ ਭਰ ਹਰਣੀ, ਜਨ ਬਹਲੋ ਇਹੁ ਸੂਚਕ ਬਰਣੀ ॥੩੮॥

# ਸਾਖੀ ਪਹਿਲੇ ਮਹਿਲ ਕੀ

ਸੇਵਾ ਦਾਸ

ਸਚ ਖੰਡ ਸਤਿਗੁਰ ਬਸੈ ਸੁਧੁ ਸਾਂਤ ਕੀ ਦੇਸੁ ।
ਬੇਗਮ ਪੁਰਿ ਹੈ ਨਗਰ ਨਾਮ ਤਹਾ ਕੀਓ ਪ੍ਰਵੇਸ ॥ ੧ ॥

ਤਿਹ ਪੁਰ ਕੇ ਬਾਸੀ ਸਭੇ ਸਹਿਜ ਸਰੂਪੀ ਸੰਤ ।
ਇਕ ਰਸ ਏਕੋ ਆਤਮਾ ਚਾਲਹਿ ਏਕ ਮਤੰਤ ॥ ੨ ॥

ਜੈਸੇ ਚੰਦਾ ਏਕ ਹੈ ਘਟਿ ਪ੍ਰਤਿ ਬਿੰਬ ਅਨੇਕ ।
ਤੈਸੇ ਸਭਨਾਂ ਮੈਂ ਬਸੈ ਸਤਿਗੁਰੂ ਏਕ ਬਬੇਕ ॥ ੩ ॥

ਆਸਾ ਉੱਦਮ ਕਛ ਨਹੀਂ ਕਰਹਿ ਸੁ ਸਹਜ ਸੁਭਾਇ ।
ਹਰਖ ਸੋਗ ਨਹ ਬਿਆਪਹੀ ਨਿਹਕਰਨੀ ਨਿਜ ਥਾਇ ॥ ੪ ॥

ਗੁਰੂ ਨਾਨਕ ਦੇਵ ਗੋਬਿੰਦ ਗੁਰ ਪੂਰਨ ਬ੍ਰਹਮ ਨਿਵਾਸ ।
ਜਗਤ ਉਧਾਰਨ ਕਾਰਨੇ ਗੁਰੂ ਅੰਗਦ ਕੀਓ ਪ੍ਰਗਾਸ ॥ ੫ ॥

ਗੁਰੂ ਅੰਗਦ ਅਮਰ ਨਿਵਾਜਿਆ ਸੇਵਾ ਤੇ ਸੁਖ ਦੀਨ ।
ਜਿਓ ਦੀਪਕ ਪ੍ਰਕਾਸੀਐ ਦਨੋ ਸਮਸਰ ਕੀਨ ॥ ੬ ॥

ਗੁਰੂ ਅਮਰਦਾਸ ਰਾਮਦਾਸ ਮਹਿ ਪਾਇਓ ਅਪਨਾ ਭੇਦ ।
ਗੁਰਮਤ ਸਿੰਧ ਅਥਾਹ ਗੁਰ ਅਟਲ ਅਖੰਡ ਅਛੇਦ ॥ ੭ ॥

ਗੁਰੂ ਰਾਮਦਾਸ ਭਇਓ ਸੁ ਪ੍ਰਸੰਨ ਅਰਜਨ ਪਲਟਿਓ ਰੂਪ ।
ਨਿਰੰਕਾਰ ਵਪੁ ਧਾਰਿਆ ਪ੍ਰਗਟੀ ਜੋਤਿ ਅਨੂਪੁ ॥ ੮ ॥

ਗੁਰੂ ਅਰਜਨ ਹਰਿਗੋਬਿੰਦ ਪਰ ਹੂਏ ਪਰਮ ਕ੍ਰਿਪਾਲ ।
ਕਾਰਨ ਕਰਨ ਸਮਰਥ ਗੁਰ ਪਰਮ ਬਿਰਦ ਪ੍ਰਤਿਪਾਲ ॥ ੯ ॥

ਗੁਰੂ ਹਰਿਗੋਬਿੰਦ ਹਰਿ ਰਾਇ ਕਉ ਜੋਤਿ ਕੀਆ ਭਰਪੂਰਿ ।
ਜੀਵਨ ਮੁਕਤਿ ਪਦੁ ਸਖਸ਼ਿਆ ਜੋ ਤ੍ਰਿਹੁ ਦੇਵ ਤੇ ਦੂਰਿ ॥ ੧੦ ॥

ਗੁਰੂ ਹਰਿ ਰਾਇ ਹਰਿ ਕ੍ਰਿਸ਼ਨ ਪਰਿ ਕੀਨੀ ਖੁਸ਼ੀ ਅਪਾਰ ।
ਤੱਤ ਸਿਉ ਤੱਤੁ ਮਿਲ ਇਆ ਅਕਲ ਕਲਾ ਨਿਰਧਾਰ ॥ ੧੧ ॥

ਗੁਰੂ ਹਰਿ ਕ੍ਰਿਸ਼ਨ ਬਹਾਲਿਆ ਆਪਨੇ ਆਸਨ ਆਨਿ ।
ਗੁਰੂ ਤੇਗ ਬਹਾਦਰ ਨਾਮ ਜਿਹ ਪੂਰਨ ਪੁਰਖੁ ਪ੍ਰਗਟਾਨਿ ॥ ੧੨ ॥

ਗੁਰੂ ਤੇਗ ਬਹਾਦਰ ਪਲਟੀ ਆ ਆਪਣੀ ਜੋਤਿ ਅਥਾਹੁ ।
ਗੁਰੂ ਗੋਬਿੰਦ ਸਿੰਘ ਨਾਮ ਜਿਹਿ ਦਸਵਾਂ ਮਹਾਨ ਪਾਤਿਸਾਹੁ ॥ ੧੩ ॥

ਜਬ ਗੁਰੂ ਨਾਨਕ ਜੀ ਪਹਿਲੇ ਮਹਿਲ ਰਮਤ ਕਰੇਤੇ ਥੇ ਸੁਮੇਰ ਪਰਬਤ ਪਰ ਜਾਇ ਖੜੇ ਹੂਏ । ਤਬ ਊਹਾ ਨਉ ਨਾਥ ਚਉਰਾਸੀ ਸਿੱਧ ਥੇ । ਔਰ ਛਿਆ ਜਤੀ ਥੇ । ਸਭਨਹੁ ਮਹਿ ਮੁਖੀ ਗੁਰੂ ਗੋਰਖ ਨਾਥ ਥਾ । ਤਿਨਹੁ ਸਾਥਿ ਮੇਲਾ ਗੁਰੂ ਬਾਬੇ ਜਾਇ ਕੀਆ । ਤਬ ਸਰਬ ਸਿਧ ਮੰਡਲੀ ਕਉ ਆਦੇਸੁ ਆਦੇਸੁ ਕਹਿ ਕਹਿ ਬਲਾਇਆ । ਤਬ ਆਗੇ ਤੇ ਸਿਧਾਂ ਭੀ ਕਹਿਆ ਆਦਿ ਪੁਰਖੁ ਕਉ ਆਦੇਸ । ਆਵਹੁ ਗੁਰੂ ਜੀ ਦਰਸਨ ਦੀਆ ਕ੍ਰਿਤਾਰਥੁ ਕੀਆ । ਭਲਾ ਕੀਆ । ਤਬ ਉਥੇ ਗੁਰੂ ਬਾਬੇ ਕੀ ਗੁਰੂ ਗੋਰਖ ਨਾਥ ਨਾਲਿ ਚਰਚਾ ਹੂਈ । ਊਹਾਂ ਜਪੁਜੀ ਉਚਰਿਆ । ਬਹੁੜਿ ਸਿਧ ਗੋਸਟ ਉਚਰੀ । ਅਉਰ ਬਾਣੀ ਬਹੁਤ ਉਚਰੀ । ਗੋਰਖ ਨਾਥ ਕਹਿਆ ਨਾਨਕ ਜੀ ਤੁਮ ਜੋਗੀਆ ਕਾ ਭੇਖ ਲੇਵਹੁ ਜੋਗੀ ਹੋਵਹੁ ਜੋਗੀ ਹੋਵਹੁ ਮੁੰਦ੍ਰਾ ਪਹਿਰੋ ਸਗੁਰੇ ਹੋਵਹੁ, ਨਿਗੁਰੇ ਨ ਰਹੋ । ਹੁਕਮੁ ਹੋਆ, ਨਾਥ ਜੀ ! ਹਮ ਤੋ ਸਗੁਰੇ ਹੈਂ ਨਿਗੁਰੇ ਤਉ ਨਾਹੀ । ਫੇਰ ਗੋਰਖ ਨਾਥ ਕਹਿਆ, ਭਲਾ ਜੀ ਤੁਮਾਰਾ ਗੁਰੂ ਕਉਨ ਹੈ । ਹੁਕਮ ਹੋਆ ਮੇਰਾ ਗੁਰੁ ਕਰਤਾਰੁ ਹੈ । ਤਾਂ ਫੇਰਿ ਗੋਰਖ ਨਾਥ ਕਹਿਆ ਜੀ ਉਹ ਕਿਸੁ ਸਿਫਤਿ ਮਹਿ ਭਰਪੂਰਿ ਹੈ । ਤਬ ਗੁਰੂ ਬਾਬੇ ਜਪੁ ਕਾ ਅਦਿ ਕਾ ਸਲੋਕ ਪੜਿਆ । ਆਦ ਸਚੁ ਜੁਗਾਦਿ ਸਚੁ । ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ ੧ ॥ ਮੇਰਾ ਗੁਰੂ ਕਰਤਾਰੁ ਸਚੁ ਸਰੂਪ ਹੈ । ਅਰੁ ਸਤਿ ਸਰੂਪ ਹੈ, ਇਸ ਸਿਫਤਿ ਮਹਿ ਭਰਭੂਰਿ ਹੈ । ਤਾਂ ਫਿਰ ਗੋਰਖ ਨਾਥ ਨੇ ਕਹਿਆ ਭਲਾ ਜੀ, ਜੇਤੇ ਜੀਵ ਹਹਿ ਵਹੁ ਭੀ ਤਉ ਸਤਿ ਹੀ ਸਰੂਪ ਹਹਿ । ਅਸਤਿ ਤਉ ਨਾਹੀ । ਕਿਉ ਕਰਤਾਰ ਕੀ ਸਿਫਤਿ ਅਰਿ ਜੀਵਹੁ ਕੀ ਸਿਫਤਿ ਏਕ ਜੈਸੀ ਹੂਈ ਕਿ ਕਛੁ ਭਿਨ ਹੂਈ । ਹੁਕਮੁ ਹੋਆ ਸੁਨਹੁ ਨਾਥ ਜੀ, ਜੀਵ ਤਉ ਜਨਮਤੇ ਹਹਿ ਬਹੁੜਿ ਮਰਤੇ ਰਹਿ । ਮਾਨਿ ਮੋਹ ਕਰ ਕੇ ਹਰਖੀ ਸੋਗੀ ਪੜੇ ਹੋਤੇ ਰਹਿ । ਅਰੁ ਦੂਰ ਬਾਸਨਾ, ਅਧੀਨ ਹਰਿ । ਦੂਰਬਾਸਨਾ ਕਰਿਕੇ ਨਾਨਾ ਪ੍ਰਕਾਰ ਕੇ ਸੰਕਟ ਭੋਗਤੇ ਫਿਰਤੇ ਹਹਿ । ਅਵਗੁਨਹੁ ਕੇ ਜੰਜੀਰਹੁ ਨਾਲ ਬਾਂਧੇ ਹੂਏ ਹਹਿ । ਜੀਵਹੁ ਕੇ ਗਰੇ ਮਹਿ ਹਹਿ ਅਰਿ ਕਰਮ ਕਾਲ ਕੇ ਹਾਥ ਸਾਥ ਮਾਹਿ ਹਹਿ । ਬਾਂਤਰਹੁ ਕੀ ਨਿਆਈ ਜੀਵਹੁ ਕਉ ਨਿਚਾਵਤੇ ਫਿਰਤੇ ਹਹਿ ਅਵਗੁਹੁ ਕੇ ਜੰਜੀਰਹੁ ਸਾਥ ਬਾਧੇ ਹੂਏ ਹਹਿ । ਵਿਸਰਾਮ ਕਰਨੇ ਦੇਤੇ ਨਹੀਂ । ਜੀ ਸਤਿ ਸਰੂਪ ਕੈਸੇ ਕਹੀਅਹਿ । ਤਦ ਸਤਿ ਸਰੂਪ ਉਹੀ ਏਕ ਕਰਤਾਰ ਹੈ । ਜਿਸ ਕਾ ਸਿਤਾਰਾ ਸਦਾ ਚੜ੍ਹਿਆ ਹੂਆ ਹੈ । ਸਰਬ ਵਿਆਪੀ ਅਖੰਡ ਹੈ । ਸੂਖਮ ਤੇ ਪਰਮ ਸੂਖਮ ਹੈ । ਰੂਪ ਰੇਖਾ ਤੇ ਨਿਆਰਾ ਹੈ । ਆਪਨੇ ਹੀ ਅਨੰਦਿ ਕਰ ਕੈ ਅਨੰਦ ਹੈ । ਮਾਇਆ ਤਿਸ ਕੀ ਦਾਸੀ ਹੈ । ਜੋ ਕੀਆ ਚਾਹੁਤਾ ਹੈ ਸੋਈ ਕਰ ਲੇਤਾ ਹੈ । ਐਸਾ ਸਮਰਥ ਹੈ । ਸਰਵ ਰੂਪਿ ਭੀ ਓਹੀ ਹੈ । ਬਹੁੜਿ ਸਰਬ ਰੂਪ ਤੇ ਨਿਆਰਾ ਭੀ ਉਹੀ ਹੈ । ਐਸਾ ਜੋ ਕਰਤਾਰ ਹੈ ਸੋਈ ਸਤਿ ਸਰੂਪ ਹੈ । ਅਉਰ ਸਤਿ ਕੋਊ ਨਾਹੀ । ਤਾਂ ਫੇਰ ਗੋਰਖਿ ਨਾਥ ਕਹਿਆ, ਭਲਾ ਜੀ ਜਉ ਜੀਵ ਕਰਤਾਰ ਨਾਹੀ ਤਉ ਕਰਤਾਰ

ਕੇ ਬੇਟੇ ਤਉ ਹਹਿ । ਤਾਂ ਫੇਰਿ ਉਸ ਹੀ ਜੈਸੇ ਹੂਏ । ਪਿਤਾ ਮਹਿ ਅਰ ਪੂਤਿ ਮਹਿ ਭੇਦ ਕਛੁ ਨਹੀਂ ਹੋਤਾ । ਫੇਰਿ ਹੁਕਮੁ ਹੋਆ ਸੁਨਹੁ ਨਾਥ ਜੀ ਸਤਿ ਕਹਤੇ ਹੋ । ਪਰੁ ਇਸ ਪ੍ਰਸ਼ਨ ਕਾ ਇਹੁ ਉਤਰ ਹੈ । ਜੀਵ ਕਰਤਾਰ ਕੇ ਬੇਟੇ ਤਉ ਹਹਿ ਪਰ ਐਸੇ ਬੇਟੇ ਹਹਿ ਜੈਸੇ ਪਾਤਿਸ਼ਾਹ ਕਾ ਬੇਟਾ ਹੋਇ ਪਰ ਬਾਮਰਿਆ ਹੋਇ ਜਾਇ । । ਤਬ ਉਸ ਕਉ ਥੰਮ ਕੇ ਸਾਥਿ ਬਾਂਧ ਛੋਡਤੇ ਹਹਿ । ਕਛੁ ਸਮੇਂ ਸਿਰਿ ਉਸ ਕਉ ਅਨਿ ਜਲ ਦੇ ਜਾਤੇ ਹਹਿ । ਉਹ ਪਾਤਸ਼ਾਹਿ ਕਾ ਬੇਟਾ ਲਾਇਕ ਤਉ ਤਖਤ ਕੇ ਥਾ ਪਰ ਬਾਮਰਿਆ ਜੋ ਹੋਇ ਗਇਆ । ਇਸੀ ਤੇ ਨੀਚ ਗਤਿ ਕਉ ਪ੍ਰਾਪਤ ਭਇਆ । ਜਬ ਉਸ ਕਉ ਕੋਈ ਬੈਦ ਅਉਖਦਿ ਦੇਇ ਅਰੁ ਅਰੋਗੁ ਹੋਇ ਤਬਿ ਹੀ ਲਾਇਕ ਤਖਤ ਕੇ ਹੋਇ ਤੈਸੇ ਹੀ ਜੀਵ ਅਗਿਆਨ ਸਿਉ ਮਿਲਿ ਕਰ ਬਾਮਾਰਿ ਕੀ ਨਿਆਈ ਹੋਇ ਗਏ ਹਹਿ । ਜਬ ਗੁਰੂ ਪੂਰੇ ਕਾ ਉਪਦੇਸੁ ਕਮਾਵਹਿ, ਸੁਭ ਗੁਣ ਰੂਪੀ ਅਉਖਦੁ ਖਾਵਹਿ ਤਬ ਬ੍ਰਹਮ ਰੂਪ ਹੋਇ ਜਾਵਹਿ । ਭੇਦ ਭਰਮ ਸਭ ਉਠਿ ਜਾਵਹਿ । ਜੋ ਬ੍ਰਹਮ ਰੂਪੀ ਪਿਤਾ ਕੇ ਸੁਭਾਵ ਹਹਿ ਸੋਈ ਜੀਵ ਰੂਪੀ ਬੇਟੇ ਕੇ ਸੁਭਾਵ ਹੋਇ ਜਾਵਹਿਗੇ । ਉਹਾਂ ਸਿਧ ਮੰਡਲੀ ਸਾਥਿ ਗੁਰੂ ਬਾਬੇ ਕੀ ਇਹ ਚਰਚਾ ਹੂਈ ॥ ੧ ॥

---

# ਜੋਤਿ ਬਿਕਾਸ ਪੰਜਾਬੀ

ਭਾਈ ਨੰਦ ਲਾਲ ਗੋਇਆ

ਨਾਨਕ ਸੋ ਅੰਗਦ ਗੁਰ ਦੇਵਨਾ,
ਸੋ ਅਮਰਦਾਸ ਹਰਿ ਸੇਵਨਾ ॥੨੭॥
ਸੋ ਰਾਮਦਾਸ ਸੋ ਅਰਜਨਾ,
ਸੋ ਹਰਿ ਗੋਬਿੰਦ ਹਰਿ ਪਰਸਨਾ ॥੨੮॥
ਸੋ ਕਰਤਾ ਹਰਿ ਰਾਇ ਦਾਤਾਰਨਾ,
ਹੋ ਹਰਿ ਕ੍ਰਿਸ਼ਨ ਅਗੰਮ ਅਪਾਰਨਾ ॥੨੯॥
ਸੋ ਤੇਗ ਬਹਾਦੁਰ ਸਤਿ ਸਰੂਪਨਾ ।
ਸੋ ਗੁਰੂ ਗੋਬਿੰਦ ਸਿੰਘ ਹਰਿ ਕਾ ਰੂਪਨਾ ॥੩੦॥
ਸਭ ਏਕੋ ਏਕੋ ਏਕਨਾ,
ਨਹੀਂ ਭੇ ਦਨਾ ਕਛੂ ਭੀਦ ਪੇਖਨਾ ॥੩੧॥

# ਸ੍ਰੀ ਬੀਰ ਮ੍ਰਿਗੇਸ਼ ਗੁਰਬਿਲਾਸ ਦੇਵਤਰੂ

## ਅਥ ਕਥਾ ਪ੍ਰਸੰਗ

੧ ਸਕੰਧ ਪੂਰਬਾਰਧ ੨੪ ਅਧਯਾਯ

ੳ ਤਤ ਸਤ

ਜਬ ਜਾਇ ਕਰ ਸ੍ਰੀ ਗੁਰੂ ਬਾਬਾ ਸਾਹਿਬ ਸਿੰਘ ਜੀ ਕਾ ਦਰਸਨ ਕੀਆ ਤਬ ਸ੍ਰੀ ਭਾਗ ਸਿੰਘ ਜੀ ਨੇ ਕਹਾ ਭਗਵਨ ਆਪ ਹਮ ਕੋ ਸਿਖ ਕਰੋ ਵਦਿਕ ਮਿਰਯਾਕੇ ਸਿਥਤੀ ਵਾਸਤੇ ਤਬ ਬਾਬਾ ਜੀ ਨੇ ਬਚਨ ਕੀਆ ਜੇ ਭਾਈ ਜੀ ਆਪਨੇ ਹਮਾਰੇ ਸਿਖਯ ਹੋਣੇ ਕੀ ਮਨਸਾ ਧਾਰੀ ਹੈ ਤੋ ਐਸੇ ਕਾਮ ਕਰੋ ਕਯਾ ਸਿਖਾਂ ਕੋ ਚਾਹੀ ਜੋ ਹਮੇਸਾਂ ਗੁਰੂ ਕੀ ਆਗਯਾ ਮੈ ਰਹਣਾ ਸੋ ਯੇ ਹਮਾਰੀ ਆਗਯਾ ਹੈ ਅੰਮ੍ਰਿਤ ਛਕ ਔ ਗਾਤਰੇ ਤਰਵਾਰ ਪਹਰੋ ਔ ਕਛਾਂ ਪਹਰੋ ਯੇ ਸ੍ਵਾਂਗ ਉਤਾਰ ਦੇਵਹੁ।

ਪ੍ਰਸ਼ਨ—ਹੇ ਭਗਵਾਨ ਆਪ ਹਮ ਕੂੰ ਕੈਸੇ ਅੰਮ੍ਰਿਤ ਛਕਾਤੇ ਹੋ ਪਤਾਸਯਾਂ ਵਾਰੋ ਅਥਵਾ ਕਿਸੀ ਔਰ ਪ੍ਰਕਾਰ ਕੋ ਉੱਤਰ ਅਸਲ ਅੰਮ੍ਰਿਤ ਤੋ ਆਗੇ ਹੀ ਆਪਨੇ ਤੁਮਾਰੇ ਪਾਸ ਹੈ ਅਬ ਤੋ ਏਹੀ ਪਤਾਸੇ ਘੋਲਕੇ ਛਕਾਵਨੋ ਹੈ ॥ ਪ੍ਰਸਨ ਹੇ ਭਗਵਾਨ ਜੇ ਯੇ ਸ੍ਵਾਂਗ ਸਦੋਖ ਹੈ ਤੋ ਕਛਾਂ ਵਾਲਾ ਸ੍ਵਾਂਗ ਭੀ ਸਦੋਖ ਹੀ ਹੈ ਔ ਜੇ ਸ੍ਵਾਂਗ ਮਿਥਯਾ ਹੈ ਤੋ ਤੁਮਾਰਾ ਸ੍ਵਾਂਗ ਭੀ ਮਿਥਯਾ ਹੈ ਔ ਹੇ ਭਗਵਾਨ ਅੰਮ੍ਰਿਤ ਛਕਣੇ ਸੇ ਤਰਵਾਰ ਔ ਕਛ ਪਹਰਣੇ ਸੇ ਮੁਕਤ ਪਦ ਕੋ ਪ੍ਰਾਪਤ ਜੀਵ ਆਤਮਾ ਹੋ ਜਾਵੇਗਾ ਅਗੇ ਬੰਧ ਹੈ ਕੇ ਆਗੇ ਤੁਛ ਹੈ ਅਬ ਤੁਮਾਰਾ ਸ੍ਵਾਂਗ ਧਾਰਣੇ ਸੇ ਵਿਭੂ ਹੋ ਜਾਵੇਗਾ ਸ੍ਵਾਂਗ ਤੋ ਸਭ ਏਕ ਸਰੀਖੇ ਸਦੋਖ ਔ ਮਿਥਯਾ ਹੈ ਇਸ ਪ੍ਰਪੰਚ ਮੈ ਤੋਂ ਸਰਬ ਕਾ ਅਧਿਸ਼ਠਾਨ ਇਕ ਆਤਮ ਦੇਵ ਹੀ ਸਚਾ ਹੈ ਔਰ ਸਰਬ ਪ੍ਰਪੰਚ ਮਿਥਯਾ ਹੀ ਹੈ ਜਬ ਮਿਥਯਾ ਹੀ ਹੂਆ ਤਬ ਸ੍ਵਾਂਗੋਂ ਕਾ ਕਯਾ ਅਦਲ ਬਦਲ ਕਰਨਾ ॥ ਕੁਛ ਸ੍ਵਾਂਗੋਂ ਸੇ ਪਰਮ ਪਦ ਕ ਨਹੀਂ ਪ੍ਰਾਪਤਿ ਹੋਈਤਾ ਬ੍ਰਹਮ ਆਤਮਾ ਕੇ ਅਭੇਦ ਗਯਾਨ ਸੇ ਪਰਮ ਪਦ ਕੋ ਪ੍ਰਾਪਤਿ ਹੋਈਤਾ ਹੈ ॥

ਉੱਤਰ—ਹੇ ਸਿਖਯ ਯਦਯਪੀ ਐਸੇ ਹੀ ਹੈ ਜੈਸੇ ਤੁਮ ਕਹਤੇ ਹੋ ਤਥਾਪੀ ਵਿਵਹਾਰਿਕ ਦਸਾ ਮੈ ਤੋ ਸਬ ਬਨਾਵਟ ਕਾ ਸ੍ਵਾਂਗ ਪੂਰਾ ਕਰਨਾ ਚਾਹੀਏ ਕਯੋ ਕੇ ਕੋਈਕ ਸ੍ਵਾਂਗ ਧਾਰ ਕਰਕੇ ਸੰਸਾਰ ਮੈ ਰਹਣਾ ਹੋਗਾ ਬਿਨਾ ਸ੍ਵਾਂਗ ਤੋ ਸੰਸਾਰ ਮੈ ਰਹਿਆ ਜਾਤਾ ਹੀ ਨਹੀ ਹੈ ਬ੍ਰਹਮਚਾਰੀ ਕਾ ਅਥਵਾ ਗ੍ਰਹਸਥ ਕਾ ਵਾ ਬਾਨ ਪ੍ਰਸਥਕਾ ਵਾ ਸੰਨਯਸਤ ਕਾ ਵਾ ਬਰਾਗੀ ਕਾ ਵਾ ਉਦਾਸੀਨ ਕਾ ਸ੍ਵਾਂਗ ਧਾਰ ਕਰ ਸੰਸਾਰ ਮੇ ਰਹੇਗਾ ਜਬ ਸ੍ਵਾਂਗ ਬਿਨਾ ਸਰੀਰ ਕਾ ਨਿਰਬਾਹ ਹੋਤਾ ਹੀ ਨਹੀ ਹੈ ਤੋ ਅਬ ਹਮ ਜਿਸ ਸ੍ਵਾਂਗ ਮੈ ਇਸਥਤ ਹੈ ਆਪ ਭੀ ਇਸੀ ਸ੍ਵਾਂਗ ਕੋ ਅੰਗੀਕਾਰ ਕਰੋ ਜੋ ਹਮਾਰੇ ਸਿਖਯ ਬਨਾ ਚਾਹਤੇ ਹੋ ਤੋ ਜਬ ਐਸ ਬਚਨ ਬਾਬਾ

ਸਾਹਿਬ ਸਿੰਘ ਜੀ ਨੇ ਕਹੇ ਤਬ ਸ੍ਰੀ ਭਾਗ ਸਿੰਘ ਨੇ ਜੀ ਕਹਾ ਅੱਛਾ ਮਹਾਰਾਜ ਜੀ ਜੈਸੇ ਆਪ ਆਗਯਾ ਹੈ ਹਮ ਤੈਸੇ ਹੀ ਸਤ ਬਚਨ ਮਾਨਤੇ ਹੈ ਐਸੇ ਗੁਰੂ ਜੀ ਕੀ ਆਗਯਾਮਾਨ ਕਰ ਸ੍ਰੀਬਾਬਾ ਸਾਹਿਬ ਸਿੰਘ ਜੀ ਕੇ ਹਾਥ ਸੇ ਅੰਮ੍ਰਿਤ ਛਕਤੇ ਭਏ ਸੁਕਲ ਬਸਤਰ ਔ ਕਟ ਮੈ ਕਛਹਰਾ ਔ ਗਾਤਰੇ ਤੇਗਾ ਪਹਰਤੇ ਭਏ ਇਸੀ ਪ੍ਰਕਾਰ ਸੇ ਕੋਈਕ ਸਮਾ ਊਨੇ ਜੀ ਮੈ ਨਿਵਾਸ ਕਰਤੇ ਭਏ ਪ੍ਰਤਿਦਿਨ ਸਾਯੰਤਥਾ ਪ੍ਰਾਤਹਕਾਲ ਮੈ ਮਹਾਰਾਜ ਜੀ ਕੀ ਸਭਾ ਮੈ ਜਾਇ ਕਰ ਦਰਸਨ ਦੇ ਲੇ ਆਵਹਿ ਮਹਾ ਅਯਾਚ ਜਰੂਹਰਤ ਕੀ ਨਯਾਈ ਪਰਮ ਨਿਰਵਾਸੀ ਪੁਰਖੁ ਜਿਨ ਕੇ ਦਰਸ਼ਨ ਸੇ ਹੀ ਰਿਦਾ ਸਾਂਤਿ ਹੋਇ ਜਾਵੇ ਮਹਾਦੇਵ ਕੇ ਸਮਾਨ ਗਯਾਨ ਦੇਸ਼ਠਾ ਹੈ ਜਿਨ ਕੀ ਸ਼ਰਬ ਪ੍ਰਪੰਚ ਕੋ ਜਿਨੋ ਨੇ ਗਯਾਨ ਕਰ ਪ੍ਰਲਯ ਕਰ ਡਾਰਾ ਹੈ ਐਸੇ ਪਰਮ ਉਦਾਰਚਿਤ ਆਪਣੇ ਆਤਮ ਸ੍ਵਰੂਪ ਮੈ ਵਿਸਿਥਤ ਰਹੈ ਪਰਮ ਵਿਰਕਤ ਦਿਗੰਬਰ ਹੀ ਰਹਣੇ ਲਗੇ ਕੈਸੇ ਪ੍ਰਤਿ ਦਿਨ ਐਸੇ ਕਾਰ ਕੀਆ ਕਰੈ ਸੀਵਣਾ ਬਹੁਤ ਅੱਛਾ ਕਰਤੇ ਜਿਸ ਸਿਖ ਕੀ ਪੁਸ਼ਾਕ ਸੀਵ ਕਰ ਦੈਣੀ ਉਸਸੇ ਇਤਨਾ ਕਰਾਰ ਕਰ ਲੈਣਾ। ਕਯਾ ਕੇ ਭਾਈ ਸਿਖਾਂ ਤਾਂ ਤੇਰੀ ਪੁਸ਼ਾਕ ਹਮ ਸੀਵ ਦੇਤੇ ਜੋ ਦੋ ਵੇਲੇ ਏਕ ਦਿਨ ਮੈ ਤੇਰੀ ਪੌਸਾਕ ਹਮ ਪਹਰ ਕੇ ਮਹਾਰਾਜ ਜੀ ਕੀ ਸਭਾ ਮੈ ਦਰਸ਼ਨ ਕਰ ਆਵੈਂਗੇ ਤਬ ਪੀਛੇ ਤੇਰੀ ਪੌਸਾਕ ਤੇਰੇ ਕੋ ਦੇ ਦੇਵੈਂਗੇ ਜੋ ਯੇ ਬਾਤ ਮਨਜੂਰ ਤੇਰੇ ਕੋ ਹੈ ਤਾਂ ਸਾਥੋਂ ਪੁਸਾਕ ਸਿਵਾਇ ਲੈ ਜਬ ਇਸ ਪਕਾਰ ਮਹਾਰਾਜ ਜੀ ਕਹੇ ਤਬ ਸਿਖ ਹਾਥ ਦੋਨੋ ਜੋੜ ਕਰ ਬੇਨਤੀ ਕਰ ਕਹੈ ਜੀ ਸਚੇ ਪਾਤਸ਼ਾਹੁ ਜੀ ਆਪ ਪਹਲੇ ਵਸਤਰ ਪਹਰ ਕਰ ਸੀਤ ਪ੍ਰਸਾਦ ਕਰਕੇ ਪਸਚਾਤ ਹਮ ਕੋ ਦੇਵਹੁ ਤੋ ਹਮਾਰੀ ਅਹੋ ਭਾਗਯ ਹੈ ਇਸ ਰੀਤਿਸੇ ਮਹਾਰਾਜ ਜੀ ਜਿਸ ਕੀ ਪੁਸਾਕ ਸੀਵਕਰ ਦੇਵੈਂ ਸੋ ਤਿਸੀ ਕੀ ਪੁਸ਼ਾਕ ਦੋ ਵਾਰ ਦੋ ਵਕਤ ਦੋ ਪਹਰ ਕਰ ਬਾਬਾ ਜੀ ਕੇ ਦੀਵਾਨ ਮੈ ਹੋ ਆਵੈਂ ਦਰਸ਼ਨ ਕਰਕੇ ਫਿਰ ਉਸ ਕੋ ਉਸ ਕੀ ਪੁਸ਼ਾਕ ਦੇ ਦੇਵੈਂ।

ਇਸੀ ਰੀਤਿ ਸੇ ਕਿਤਨਾਕ ਕਾਲ ਊਨੇ ਜੀ ਮੈ ਨਿਵਾਸ ਕਰਤੇ ਭਏ ਦਿਗੰਬਰ ਹੋਕਰ ਬਸਤਰ ਰਖਯਾ ਨਹੀ ਔ ਨੰਗੇ ਭੀ ਨਹੀ ਰਹੇ ਜਹਾਂ ਕਹੀਂ ਬਾਬਾ ਜੀ ਸਹਜ ਸੁਭਾਵ ਮਿਲ ਜਾਵਹ ਸੈਲ ਕਰਤੇ ਹੂਏ ਤਬ ਹਾਥ ਜੋੜ ਕਰ ਐਸੈ ਕਹਯਾ ਕਰੈ ਹੇ ਸ਼੍ਰੀ ਭਾਈ ਭਾਗ ਸਿੰਘ ਜੀ ਅਸੀ ਤੁਹਾਡੇ ਟਹਲੀਏ ਹਾਂ ਅਰਥਾਤ ਤੁਮਾਰੇ ਦਾਸ ਹਾਂ ਆਪ ਸੁਕਦੇਵ ਜੀ ਕੀ ਨਯਾਈ ਬਾਹਰ ਸੇ ਭੀ ਉਪਾਧੀ ਤੇ ਰਹਤ ਹੋ ਔ ਹਮ ਬਾਹਰ ਸੇ ਉਪਾਧੀ ਸਹਤ ਹੈ ਇਸਸੇ ਆਪ ਕੇ ਦਾਸ ਹੈਂ ਆਪ ਕੋ ਹਮ ਸਿਖ ਬਨਾਯ ਕਰ ਅਬ ਸਪੂਤ ਭਏ ਹੈਂ ਆਪਕੇ ਆਸਯ ਕ ਯੇ ਅਗਯਾਨੀ ਜੀਵ ਕਯਾ ਜਾਨੈ ਜਬ ਐਸੇ ਸ਼੍ਰੀ ਬਾਬਾ ਸਾਹਿਬ ਸਿੰਘ ਜੀ ਬਚਨ ਕਰੈ ਤਬ ਸ਼੍ਰੀ ਭਾਗ ਸਿੰਘ ਬਾਬਾ ਜੀ ਕੇ ਸਾਥ ਜੋ ਸਿਖਾਂ ਕੇ ਸਮੂਹ ਹੋਨ ਉਨਕੀ ਓਰ ਦੇਖਕਰ ਹਸਕਰ ਐਸੇ ਬਚਨ ਕੀਆ ਕਰੈ ਕਿਉ ਭਾਈ ਸਿਖੋ ਜਬ ਤੁਮਾਰਾ ਗੁਰੂ ਹਮਾਰਾ ਦਾਸ ਹੂਆ ਤਬ ਤੁਮ ਹਮਾਰੇ ਕਯਾ ਲਗ ਐਸੇ ਪਰਮ ਅਚਾਹ ਕਿਸੇ ਦੂਸਰੇ ਪਰਮੇਸ੍ਰਰ ਕੀ ਆਪਣੇ ਆਤਮਾ ਸੇ ਬਿਨਾ ਕਾਣ ਨ ਰਾਖੇ ਸ੍ਵਯੰਜਯੋਤੀ ਆਤਮਾ ਨਦ ਵਿਖੇ ਹੀ ਅਸ਼ਟ ਪਹਰ ਮਗਨ ਰਹੈ ਔ ਸਮੀਪ ਵਰਤੀ ਸਰਬ ਸਿਖੋਂ ਪ੍ਰਤੀ ਭੀ ਬ੍ਰਹਮਾਤਮ ਕੇ ਅਭੇਦ ਕਾ ਹੀ ਉਪਦੇਸ਼ ਕਰੈ ਜਿਤਨਾ ਕਾਲ ਊਨੇ ਜੀ ਮੈ ਰਹੈ ਉਤਨਾ ਕਾਲ ਔ ਸ੍ਰੀ ਬਾਬਾ ਸਾਹਿਬ ਸਿੰਘ ਕਾ ਤੋ ਅੰਨ ਕਾ ਸਦਾਵਰਤ ਜਾਰੀ ਰਹਿਤਾ ਥਾ ਸ੍ਰੀ ਭਾਗ ਸਿੰਘ ਜੀ ਕਾ ਬ੍ਰਹਮ

ਵਿਦਯਾ ਕਾ ਸਦਾਵਰਤ ਜਾਰੀ ਰਖਿਆ ਥਾ ॥ ਇਤਿ

ਜਬ ਐਸੇ ਸ੍ਰੀ ਭਾਗ ਸਿੰਘ ਜੀ ਸਮਾ ਬਹੁਤ ਸਾ ਬਿਤਾਵਤੇ ਭਏ ਤਬ ਏਕ ਦਿਨ ਬਾਬਾ ਸਾਹਿਬ ਸਿੰਘ ਜੀ ਨੇ ਬਚਨ ਕੀਆ ਸਭਾ ਕੇ ਬੀਚ ਬੈਠਯਾ ਹੋਇਆਂ ਕੇ ਆਓ ਭਾਈ ਭਾਗ ਸਿੰਘ ਜੀ ਆਜ ਰਾਤਿਰ ਕੋ ਜਾਗਣ ਕਰੀਏ ਤਬ ਸ੍ਰੀ ਗੁਰੂ ਭਾਗ ਸਿੰਘ ਜੀ ਨੇ ਕਹਾ ਕੇ ਸਤ ਬਚਨ ਸਚੇ ਪਾਤਸ਼ਾਹ ਜੀ ਏਕ ਰਾਤਿਰ ਕਾ ਕਯਾ ਜਾਗਣਾ ਹੈ।

ਪ੍ਰਸ਼ਨ—ਫਿਰ ਕਿਤਨੀਆਂ ਰਾਤਾਂ ਜਾਗਣਾ ਹੈ ॥ ਉਤਰ ॥ ਮਹਾਰਾਜ ਜੀ ਜਾਗਣਾ ਹੈ ਤਾਂ ਛੇ ਮਹੀਨੇ ਹੀ ਜਾਗਯੇ ਬਹੂ ਕੈਸੇ ਬਨੇ ॥ ਉਤਰ ॥ ਵੋ ਪ੍ਰਸੰਗ ਜਾਗਨੇ ਕਾ ਐਸੇ ਬਨੇ ਐਸੇ ਕਰੋ ਕੇ ਬਾਹਰ ਸ਼ਹਰ ਸੇ ਤੰਬੂ ਲਗਵਾਲੇਵਹੁ ਬੀਚ ਮੇ ਪਲੰਘ ਬਿਛਾਇ ਕਰ ਆਪ ਉਪਰ ਬੈਠ ਜਾਵਹੁ ਔ ਹਮ ਆਪ ਕੇ ਸਨਮੁਖ ਬੇਠ ਜਾਤੇ ਹੈ ਛੇ ਮਹੀਨੇ ਪਰ ਯੰਤ ਨਾ ਲੰਬੇ ਪਵਾਂਗੇ ਔ ਨਾ ਲੰਬੇ ਪੈਣ ਦੇਵਾਂਗੇ ਨਾ ਆਖ ਝਮਕਾਂਗੇ ਔ ਨਾ ਝਮਕਣ ਦੇਵਾਂ ਗੇ ਨਾ ਪ੍ਰਸਾਦ ਪਾਵਾਂਗੇ ਔ ਨਾ ਪਾਵਣ ਦੇਵਾਂ ਗੇ ਨਾ ਲਘੀ ਸੋਚ ਤਥਾ ਇਸਨਾਨ ਅਡਿਕ ਕ੍ਰਿਆ ਕਰ ਗੇ ਔ ਨਾ ਲਘੀ ਸੋਚ ਕ੍ਰਿਆ ਕਰਣੇ ਦੇਵਾਂ ਗੇ ਇਤਯਦਿ ਨੇਮਾਂ ਕੋ ਪ੍ਰਤਗਯ ਪੂਰਬਕ ਧਾਰਕਰ ਜਾਗਣਾ ਹੋਵੇ ਆਪਨੇ ਤਾਂ ਹਮ ਆਪਕੇ ਸਾਥ ਜਾਗਤੇ ਹੈ ਨਹੀ ਤੋ ਨਹੀ ਜਾਗਤੇ ਜਬ ਐਸੇ ਸ੍ਰੀ ਗੁਰੂ ਭਾਗ ਸਿੰਘ ਜੀ ਨੇ ਕਹਾ ਤਦ ਸ੍ਰੀ ਬਾਬਾ ਸਾਹਿਬ ਸਿੰਘ ਜੀ ਨੇ ਕਹਾ। ਤਥਾਸਤ ਐਸੇ ਬਚਨ ਕਹਕਰ ਆਗਯਾ ਦੇਤੇ ਭਏ ਕੇ ਬਾਹਰ ਤੰਬੂ ਲਗਾ ਦੇਵਹੁ ਸੋ ਸੇਵਕੋਂ ਨੇ ਬਾਹਰ ਤੰਬੂ ਲਗਾ ਦੀਏ ਬੀਚ ਪਲੰਘ ਬਿਛ ਗਏ ਜਾਜਮਾ ਬਿਛ ਗਈਆਂ ਮਹਾਰਾਜ ਬਾਬਾ ਜੀ ਆਪਣੇ ਮੰਤਰੀਆਂ ਕੋ ਸਭ ਰਾਜ ਔ ਲੰਗਰ ਕੀ ਕਾਰ ਸੌਂਪ ਕਰ ਆਗਯਾ ਦੇਤੇ ਭਏ ਕੇ ਤੰਬੂ ਕੇ ਚਾਰੋ ਓਰ ਪਹਰੇ ਖੜੇ ਰਹੈ ਹਰ ਵੇਲੇ ਕੋਈ ਭੀ ਹਮਾਰੀ ਆਗਯਾ ਬਿਨਾ ਭੀਤਰ ਤੰਬੂ ਕੇ ਨਹੀ ਆਵੈ ਚਾਹੈ ਹਮਾਰੇ ਕੋ ਕਿਤਨਾ ਕਾਲ ਵਿਤੀਤ ਹੋ ਜਾਵੇ ਐਸੇ ਆਗਯਾ ਦੇਕਰ ਦੋਨੋ ਮੂਰਤੀਆਂ ਤੰਬੂ ਮੇ ਪ੍ਰਵੇਸ਼ ਕਰ ਜਾਤੇ ਭਏ ਆਪਸ ਮੈ ਸਨਮੁਖ ਬੈਠ ਜਾਤੇ ਭਏ ਆਂਸਣ ਬਾਂਧਕਰ ਰਾਤਰ ਦਿਨ ਏਕਰਸ ਬੈਠੇ ਰਹਤੇ ਭਏ ਨੇਤਰ ਭੀ ਨ ਝਮਕਤੇ ਭਏ ਬਰਾਬਰ ਖਟਮਾਸ ਪ੍ਰਯੰਤ ਇਕ ਆਸਣ ਇਸਥਿਤ ਰਹੇ ਦੋਨੋ ਕਾ ਤੁਲ ਬਲ ਤਥਾ ਤੁਲ ਸ਼ਕਤੀ ਤਥਾ ਤੁਲ ਸਰਬਗਯਤਾ ਤਥਾਜਮ ਗਯਾਨ ਤਥਾ ਸਮ ਵੈਰਾਗ ਤਥਾ ਸਮ ਧਰਮ ਤਥਾ ਸਮਦੈਵੀ ਐਸਵਰਯ ਐਸੇ ਬੈਠਕਰ ਖਟਮਾਸ ਬਿਤਾ ਦੇਤੇ ਭਏ ਜਬ ਛੇਵੇ ਮਹੀਨੇ ਕਾ ਏਕ ਦਿਨ ਬਾਕੀ ਰਹਿਆ ਤਾਂ ਸ੍ਰੀ ਗੁਰੂ ਭਾਗ ਸਿੰਘ ਜੀ ਬਿਚਾਰਿਆ ਜੋ ਗੁਰੂ ਕੇ ਸਿਖਾਂ ਕੇ ਗੁਰੂ ਕੀ ਬਰਾਬਰੀ ਨਾ ਕਰਣੀ ਚਾਹੀਏ ਐਸੇ ਚਿੰਤਨ ਕਰਕੇ ਛੇਵੇ ਮਹੀਨੇ ਕੇ ਅੰਤ ਕੇ ਦਿਨ ਮੈ ਪ੍ਰਾਤਹ ਕਾਲ ਹੋਤੇ ਹੀ ਥੋੜਾ ਸਾ ਨੇਤਰ ਮੂੰਦ ਲਤੇ ਭਏ ਜਬ ਨੇਤਰ ਮੂੰਦੇ ਤਬ ਉਸੀ ਕਾਲ ਮੇ ਬਾਬਾ ਜੀ ਬਚਨ ਕੀਆ ਕੇ ਭਾਈ ਜੀ ਯੇ ਕਯਾ ਤਮ ਸੁਣਕਰ ਮਹਾਰਾਜ ਹੰਸਕਰ ਕਹਣੇ ਲਗੇ ਮਹਾਰਾਜ ਜੀ ਆਪ ਕੀ ਸਮਤਾ ਹਮ ਕੋ ਨ ਕਰਨੀ ਚਾਹੀਏ ਸਿਖਾਂ ਕੋ ਗੁਰੂ ਕੀ ਸਮਤਾ ਕਰਣੀ ਯੋਗਯ ਨਹੀ ਹੈ ਤਬ ਬਾਬਾ ਜੀ ਨੇ ਬਚਨ ਕੀਆ ਕੇ ਬਸ ਭਾਈ ਜੀ ਅਬ ਚਲੋ ਇਸਨਾਨ ਆਦੀ ਕ੍ਰਿਆ ਕਰੋ ਐਸੇ ਬਚਨ ਕਰਕੇ ਆਪਸ ਮੇ ਪਰਸਪਰ ਦੇਖ ਕੇ ਹਸ ਕੇ ਉਠ ਖੜੇ ਹੂਏ ਆਗਯਾ ਕਰਤੇ ਭਏ ਪਹਰੇ ਵਾਲੇ ਕੋ ਕੇ ਯੇ ਤੰਬੂ ਆਦੀ ਸਮਗਰੀ ਸਭ ਉਠਾਇ ਲੈ ਜਾਵਹੁ ਐਸੇ ਬਚਨ ਕਰਕੇ ਬਾਹਰ ਆਵਤੇ ਭਏ ਸਵਸਤਚਿਤ ਦੋਨੋਕੇ ਮੁਖ ਕੀ ਕਾਂਤੀ ਜਿਨਕੀ ਆਗੇ ਸੇ ਤੇਜ

ਵਾਲੀ ਹੋਤੀ ਭਈ ਆਇਕਰ ਦਿਵਾਨ ਮੇ ਬਿਰਾਜ ਮਾਨ ਹੋਤੇ ਭਏ ਜੈਸੇ ਆਗੇ ਸਵਸਤਚਿਤ ਨਿਤ ਨੇਮ ਕੀ ਚੇਸ਼ਟਾ ਥੀ ਉਸੀ ਪ੍ਰਕਾਰ ਕਰਨੇ ਲਗੇ ਸਵਾ ਪਹਰ ਨਿਸਾ ਸੇ ਜਾਗ ਕਰ ਸੌਚ ਇਸਨਾਨ ਆਦਿਕ ਕ੍ਰਿਆ ਕਰਕੇ ਧਯਾਨ ਮੈ ਇਸਥਿਤ ਹੋ ਜਾਵੈ ਰਾਗੀ ਜਨ ਆਸਾ ਕੀ ਵਾਰ ਕਾ ਉਚਾਰਣ ਕਰੈ ਸਭ ਸਿਖ ਸੰਗਤ ਗੁਰੂ ਕੇ ਸਬਦ ਕੇ ਪ੍ਰੇਮੀ ਇਸਨਾਨ ਕਰ ਸਭਾ ਮੇ ਆਇਕਰ ਗੁਰੂ ਜੀਕੋ ਪ੍ਰਣਾਮ ਕਰ ਕਰ ਬੈਠਤੇ ਜਾਵੈ ਸੂਰਯ ਉਦਯ ਹੋਏ ਤੇ ਆਸਾ ਕੀ ਵਾਰ ਕਾ ਭੋਗ ਪਾਵੈ ਫਿਰ ਸ੍ਰੀ ਗੁਰੂ ਸਾਹਿਬ ਸਿੰਘ ਜੀ ਧਯਾਨ ਸੇ ਉਥਾਨ ਹੋਵੈ ਤਬ ਦੋ ਘਟਿਕਾ ਦਿਨ ਚੜੇ ਪ੍ਰਸਾਦਿ ਆ ਜਾਵੈ ਬਾਬਾ ਕਲਾਧਾਰੀ ਕੇ ਦਰਬਾਰ ਮੈ ਸ੍ਰੀ ਗੁਰੂ ਗਰੰਥ ਸਾਹਿਬ ਜੀਕੋ ਭੋਗ ਲਗਾਇ ਕੇ ਭੰਡਾਰੀ ਫਿਰ ਪ੍ਰਸਾਦਿ ਬਾਂਟਣੇ ਲਗ ਜਾਵੈ ਪੰਗਤਿ ਮੇ ਪਹਲੇ ਦੂਰ ਜੋ ਬੈਠੇ ਹੋਵੈ ਉਨਕੋ ਦੇਵੇ ਪੁਨਾ ਉਨ ਸੇ ਜੋ ਉਰੇ ਹੋਵੇ ਉਨਕੋ ਦੇਵੈ ਇਸੀ ਰੀਤਿ ਸੇ ਜੋ ਪਾਸ ਕੀ ਪੰਕਤਿ ਤਿਸਮੇ ਸਭ ਤੇ ਪੀਛੇ ਤਹਾਂ ਪ੍ਰਸਾਦ ਵਰਤੇ ਪਸਚਾਤ ਆਪ ਸਾਹਿਬ ਪ੍ਰਸਾਦ ਪਾਇਕਰ ਦੋ ਘੰਟੇ ਸੈਨ ਕਰਕੇ ਪਲੰਘ ਕਰ ਪੁਨਾ ਉਠਕਰ ਸੌਚਾਦਿ ਕ੍ਰਿਆ ਇਸਨਾਨ ਕਰਕੇ ਪੁਨਾਯਾਮ ਦਿਨ ਰਹਤੇ ਦਿਵਾਨ ਲਗਾਵੈ ਹਜਾਰੋ ਸਿਖ ਸੰਗਤ ਆਇਕਰ ਦਰਸਨ ਔ ਭੇਟ ਚੜ੍ਹਾਵੈ ਅਨੇਕ ਪ੍ਰਕਾਰ ਕੇ ਕਾਮਨਾ ਵਾਲੇ ਲੋਕ ਆਵੈ ਜੈਸੀਏ ਕਾਮਨਾ ਵਾਲਾ ਆਵੈ ਗੁਰੂ ਜੀਕੀ ਸੁਖਣਾ ਸੁਖੇ ਕਾਮਨਾ ਪੂਰੀ ਹੋਈ ਤੇ ਪੀਛੇ ਵੋ ਸਿਖ ਭੇਟਾ ਲੇ ਆਵੈ ਔ ਆਕਰ ਦਰਸਨ ਕਰੈ ਭੇਟਾ ਚੜ੍ਹਾਵੈ ਕਿਤਨੇਕ ਸ੍ਰੀ ਗੁਰੂ ਜੀਕੇ ਪਯਾਰੇ ਵੈਰਾਗਵਾਨ ਸੋ ਸੰਸਾਰ ਸਮੁੰਦਰ ਤਰਣੇ ਅਰਥ ਗੁਰੂ ਜੀਕੀ ਨਿਸਕਾਮ ਹੀ ਸੇਵਾ ਕੀਆ ਕਰੈ ਇਸੀ ਪ੍ਰਕਾਰ ਸ੍ਰੀ ਗੁਰੂ ਸਾਹਿਬ ਸਿੰਘ ਜੀ ਔ ਸ੍ਰੀ ਭਾਗ ਸਿੰਘ ਜੀ ਅਨੇਕ ਵਾਰ ਬਿਲਾਸ ਸੇ ਜਾਗਤੇ ਭਏ ॥ ਇਤੀ ॥

# ਜਗਤ ਜਲੰਦਾ ਗੁਰੂ ਨਾਨਕ

ਅੱਜ ਤੋਂ ਤਕਰੀਬਨ ਪੰਜ ਸੌ ਸਾਲ ਪਹਿਲੇ ਸ੍ਰੀ ਨਨਕਾਣਾ ਸਾਹਿਬ ਦੀ ਇਸ ਪਾਵਨ ਪਵਿਤਰ ਧਰਤੀ ਤੋਂ ਅਨਹਦ ਸ਼ਬਦ ਦਾ ਪ੍ਰਕਾਸ਼ ਹੋਇਆ। ਇਕ ਇਨਕਲਾਬੀ ਆਵਾਜ਼ ਉਠੀ ਜਿਸਨੇ ਤਾਰੀਖ ਦਾ ਰੁਖ ਬਦਲ ਕੇ ਰਖ ਦਿਤਾ। ਮਸ਼ਰਕ ਦੇ ਮਹਾਨ ਸ਼ਾਇਰ ਅਲਾਮਾ ਇਕਬਾਲ ਨੇ ਇਸ ਯੁਗ ਪਲਟਾਊ ਘਟਨਾ ਨੂੰ ਇਸ ਤਰ੍ਹਾਂ ਬਿਆਨ ਕੀਤਾ ਹੈ।

ਫ਼ਿਰ ਉਠੀ ਆਖ਼ਰ ਸਦਾ ਤੌਹੀਦ ਦੀ ਪੰਜਾਬ ਸੇ
ਹਿੰਦ ਕੋ ਇਕ ਮਰਦੇ ਕਾਮਲ ਨੇ ਜਗਾਇਆ ਖ਼ਾਬ ਸੇ !

ਸਿੱਖ ਮਜ਼ੁਬ ਦੇ ਬਾਨੀ ਗੁਰੂ ਨਾਨਕ ਦੇਵ ਜੀ ਕਿਸੇ ਇਕ ਫਿਰਕੇ, ਤਬਕੇ ਜਾਂ ਮੁਲਕ ਦੇ ਆਗੂ ਨਹੀਂ ਸਨ। ਆਪ ਤਾਂ ਇਨਸਾਨੀਅਤ ਦੇ ਸਰਬ ਸਾਂਝੇ ਪੈਗੰਬਰ ਸਨ। ਏਹੀ ਵਜ਼ਾ ਹੈ ਕਿ ਗੁਰੂ ਸਾਹਿਬ ਨੂੰ ਉਹਨਾਂ ਦੇ ਆਪਣੇ ਜ਼ਮਾਨੇ ਵਿਚ ਨਾਨਕ ਸ਼ਾਹ ਫਕੀਰ—ਹਿੰਦੂ ਕਾ ਗੁਰੂ, ਮੁਸਲਮਾਨ ਕਾ ਪੀਰ' ਕਿਹਾ ਜਾਂਦਾ ਸੀ।

# GURU NANAK

DUNCAN GREENLESS

*The Punjab Past and Present Vol. III, 1969*

In the simple village of Talwandi. about forty miles from Lahore, were living a Kshattriya farmer and village official named Mehta Kalu and his wife Tripta Kalu was the son of Sivaram and Banarasi. and the family had come to that village from the Amritsar district some years before. They were worthy people. honest and hard-working, with the normal share of religious piety. Easly on the morning of Saturday 15th April, 1469, there hearts were gladdened by the birth of a son, whose glory was destined to shine out through the centuries. They called him NANHK, and the astrologer who attended his birth foretold he would rule both Muslims and Hindus and would worship one only God.

At the age of five little Nanak began to talk of God, and his prattling words were admired by all. At seven he was sent to the village primary school under one Pandha and learned what his teacher knew, but he is said to have often embarrassed the poor man by penetrating questions into the reality behind all things. When he was just eight his elder sister, Nanaki, was married to Bhai Jairam, revenue collector for the Nawab Dault Khan of Sultanpur, and left him alone with his parents. Next year, 1478. they insisted on investing him with the sacred thread to which his caste in Hindu Society entitled him, through for a long time ne rejected it and asked for a real thread, spun from mercy and contentment, which the pundit could not promise him. At school he learned to read and write, and acquired some sound knowledge of the current Hindi dialect, in order to succeed his father some day as village accountant he leurned Persian also, and we have acrostic in Persian said to have been written in his childhood.

In those days he spent much time in the fields grazing buffaloes, and we are told the shade of a tree under which he rested used to move round against the sun as to give him always of his coolness. Hi› heart was already seeking God. He found no interest in the secular works of his father put him to digging in the fields, working in a iittle shop, and the like. He sought every chance of slipping away into lonely places where he could feel the unity and beauty of nature and reach out towards that great God, who of His own Love has woven this infinite pattern of loveliness. At times he gather together a few friends round him, and they sang hymns to the glory

of that Creator whom he had begun to love with fiery yearning.

All this piety in their son did not please his parents, for he was their only son and they looked for one to carry on their worldly avocations and to support them when old age drew near. They thought him ill. they sent for the village doctor, he in vain prescribed his remedies, for none could cure the boy's feverish thirst for God. Then they got him married, on first April 1485. to divert his mind from such unworldly thoughts, the girl chosen was Sulakhni or Kulamai, the daughter of Baba Mulaji of Batala, near Gurdaspur of today. But this ruse too was unsuccessful; when his mother in understandable exasperation, bade him leave his endless meditations, he lay down for four days unmoving, and said he would die if the Name were taken from him. His poor little wife could do nothing to turn his mind. He now took to meeting sadhus and yogis in the dense forests giving them food from his father's fields, and taking with them of everything they knew about God and the spiritual path. Seeking their company more and more, he must have gained from them much encouragement in his own search for the one Truth, and it is probable that in this way he confirmed those ideas he shared with Kabir and the great Vaishnava devotees of his age.

